ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 18 ਮਾਰਚ 2025 (ਨਾਨਕਸ਼ਾਹੀ ਸੰਮਤ : ੫੫੭, ੫ ਚੇਤ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਡੌਨ ਭੱਟੀ ਦਾ ਸੋਸ਼ਲ ਮੀਡੀਆ ਅਕਾਊਂਟ ਭਾਰਤ 'ਚ ਬੈਨ, ਜਲੰਧਰ 'ਚ ਗ੍ਰਨੇਡ ਹਮਲਾ ਕਰਵਾਉਣ ਦੀ ਲਈ ਸੀ ਜ਼ਿੰਮੇਵਾਰੀ

**ਨਵੀਂ ਦਿੱਲੀ, 17 ਮਾਰਚ (ਆਵਾਜ਼ਿ ਕੌਮ ਬਿਊਰੋ)**- ਐਤਵਾਰ ਸਵੇਰੇ 4 ਤੋਂ 4.15 ਵਜੇ ਦੇ ਵਿਚਕਾਰ ਜਲੰਧਰ 'ਚ ਯੂਟਿਊਬਰ ਨਵਦੀਪ ਸਿੰਘ ਸੰਧੂ ਉਰਫ਼ ਰੋਜਰ ਸੰਧੂ ਦੇ ਘਰ 'ਤੇ ਹੋਏ ਗ੍ਰਨੇਡ ਹਮਲਾ ਡਿਜੀਟਲ ਜ਼ਬਰਦਸਤੀ ਨਾਲ ਜੁੜਿਆ ਹੈ। ਇਹ ਗੱਲ ਜਲੰਧਰ ਦਿਹਾਤੀ ਪੁਲਿਸ ਵੱਲੋਂ ਹੁਣ ਤੱਕ ਕੀਤੀ ਗਈ ਜਾਂਚ ਵਿੱਚ ਸਾਹਮਣੇ ਆਈ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਪਹਿਲੀ ਵਾਰ ਹੈ ਜਦੋਂ ਪਾਕਿਸਤਾਨ ਤੋਂ ਕਿਸੇ ਨੇ ਪੰਜਾਬ 'ਤੇ ਹਮਲਾ ਕੀਤਾ ਹੈ ਕਿਉਂਕਿ ਹਮਲੇ ਦੀ ਜ਼ਿੰਮੇਵਾਰੀ ਅਤੇ ਪੂਰੇ ਹਮਲੇ ਦੀ ਵੀਡੀਓ ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਨੇ ਜਾਰੀ ਕੀਤੀ ਸੀ। ਭੱਟੀ ਨੇ ਇਹ ਵੀ ਕਾਰਨ ਦਿੱਤਾ ਕਿ ਰੋਜਰ ਸੰਧੂ ਨੇ ਇਸਲਾਮ ਬਾਰੇ ਗ਼ਲਤ ਟਿੱਪਣੀਆਂ ਕੀਤੀਆਂ ਸਨ, ਜਿਸ ਕਾਰਨ ਉਸਨੇ ਇਹ ਹਮਲਾ ਕੀਤਾ। ਇਹ ਹਮਲਾ ਅੱਤਵਾਦੀ ਹੈਪੀ ਪਾਸੀਅਨ ਅਤੇ ਬਾਬਾ ਸਿੱਦੀਕੀ ਕਤਲ ਕੇਸ ਦੇ ਮਾਸਟਰਮਾਈਂਡ ਜ਼ੀਸ਼ਾਨ ਅਖਤਰ ਨੇ ਕਰਵਾਇਆ ਸੀ। ਜਲੰਧਰ ਦਿਹਾਤੀ ਪੁਲਿਸ ਦੇ ਐਸਐਸਪੀ ਗੁਰਮੀਤ ਸਿੰਘ ਨੇ ਕਿਹਾ - ਭੱਟੀ ਤੇ ਸੰਧੂ ਦੋਸਤ ਸਨ। ਸੰਧੂ ਇੱਕ ਬਹੁਤ ਮਸ਼ਹੂਰ ਪ੍ਰਭਾਵਕ ਹੈ।



## ਅੰਮ੍ਰਿਤਸਰ 'ਚ ਮੰਦਰ 'ਤੇ ਗ੍ਰਨੇਡ ਹਮਲਾ ਕਰਨ ਵਾਲਿਆਂ ਦਾ ਐਨਕਾਊਂਟਰ

# ਇੱਕ ਹਮਲਾਵਰ ਢੇਰ, ਦੂਜਾ ਫਰਾਰ

**ਅੰਮ੍ਰਿਤਸਰ, 17 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਅੰਮ੍ਰਿਤਸਰ ਵਿੱਚ ਮੰਦਰ 'ਤੇ ਹੈਂਡ ਗ੍ਰੇਨੇਡ ਸੁੱਟਣ ਵਾਲਿਆਂ ਵਿੱਚੋਂ ਇੱਕ ਨੂੰ ਪੁਲਿਸ ਨੇ ਢੇਰ ਕਰ ਦਿੱਤਾ ਹੈ। ਅੱਜ ਸੋਮਵਾਰ ਸਵੇਰੇ ਪੁਲਿਸ ਅਤੇ ਹਮਲਾਵਰਾਂ ਵਿਚਕਾਰ ਮੁਕਾਬਲਾ ਹੋਇਆ, ਜਿਸ ਵਿੱਚ ਦੋਸ਼ੀ ਗੁਰਸਿਦਕ ਉਰਫ਼ ਸਿਦਕੀ ਮਾਰਿਆ ਗਿਆ, ਜਦਕਿ ਉਸਦਾ ਸਾਥੀ ਵਿਸ਼ਾਲ ਉਰਫ਼ ਚੁਈ ਫਰਾਰ ਹੋ ਗਿਆ। ਪੁਲਿਸ ਨੂੰ ਮਿਲੀ ਖਾਸ ਜਾਣਕਾਰੀ ਦੇ ਆਧਾਰ 'ਤੇ 391 ਅਤੇ ਛੇਹਰਟਾ ਪੁਲਿਸ ਦੀਆਂ ਟੀਮਾਂ ਨੇ ਆਰੋਪੀਆਂ ਨੂੰ ਫੜਨ ਲਈ ਮੁਹਿੰਮ ਚਲਾਈ, ਜਿਸ ਦੌਰਾਨ ਇਹ ਮੁਕਾਬਲਾ ਹੋਇਆ। SHO ਛੇਹਰਟਾ ਨੂੰ ਇਸ ਜੁਰਮ ਵਿੱਚ ਵਰਤੇ ਗਏ ਮੋਟਰਸਾਈਕਲ ਬਾਰੇ ਭਰੋਸੇਯੋਗ ਜਾਣਕਾਰੀ ਮਿਲੀ ਸੀ, ਜਿਸ ਤੋਂ ਬਾਅਦ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ। ਪੁੱਛਗਿੱਛ ਦੌਰਾਨ ਗੁਰਸਿਦਕ ਅਤੇ



ਵਿਸ਼ਾਲ ਦੇ ਨਾਮ ਸਾਹਮਣੇ ਆਏ। ਪੁਲਿਸ ਨੂੰ ਸੂਚਨਾ ਮਿਲੀ ਕਿ ਇਹ ਦੋਵੇਂ ਆਰੋਪੀ ਰਾਜਾਸਾਂਸੀ ਇਲਾਕੇ ਵਿੱਚ ਘੁੰਮ ਰਹੇ ਹਨ। ਇਸ ਤੋਂ ਬਾਅਦ ਪੁਲਿਸ ਦੀਆਂ ਟੀਮਾਂ ਤਾਇਨਾਤ ਕਰਕੇ ਇਲਾਕੇ ਵਿੱਚ ਸਰਚ ਓਪਰੇਸ਼ਨ ਸ਼ੁਰੂ ਕਰ ਦਿੱਤਾ ਗਿਆ। ਸਵੇਰੇ ਸਮੇਂ ਜਦੋਂ ਪੁਲਿਸ ਨੇ ਆਰੋਪੀਆਂ ਦੀ ਮੋਟਰਸਾਈਕਲ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਮੋਟਰਸਾਈਕਲ ਛੱਡ ਕੇ ਪੁਲਿਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਗੋਲੀਬਾਰੀ ਵਿੱਚ ਕਾਂਸਟੇਬਲ ਗੁਰਪ੍ਰੀਤ ਸਿੰਘ ਦੇ ਖੱਬੇ ਹੱਥ 'ਚ ਗੋਲੀ ਲੱਗੀ, ਜਦਕਿ ਇੱਕ ਗੋਲੀ ਇੰਸਪੈਕਟਰ ਅਮੋਲਕ ਸਿੰਘ ਦੀ ਪੱਗ ਤੇ ਲੱਗੀ ਅਤੇ ਇੱਕ ਗੋਲੀ ਪੁਲਿਸ ਵਾਹਨ 'ਤੇ ਵੀ ਲੱਗੀ। ਪੁਲਿਸ ਨੇ ਜਵਾਬੀ ਕਾਰਵਾਈ ਕਰਦਿਆਂ ਗੋਲੀਬਾਰੀ ਕੀਤੀ, ਜਿਸ ਵਿੱਚ ਗੁਰਸਿਦਕ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ, ਜਦਕਿ ਉਸਦਾ ਸਾਥੀ ਵਿਸ਼ਾਲ ਮੌਕੇ ਤੋਂ ਫਰਾਰ ਹੋ ਗਿਆ। ਜ਼ਖਮੀ ਗੁਰਸਿਦਕ ਅਤੇ ਕਾਂਸਟੇਬਲ ਗੁਰਪ੍ਰੀਤ ਸਿੰਘ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਗੁਰਸਿਦਕ ਦੀ ਮੌਤ ਹੋ ਗਈ। ਪੁਲਿਸ ਹੁਣ ਇਸ ਮਾਮਲੇ ਵਿੱਚ ਆਰੋਪੀਆਂ ਦੇ ਪਾਕਿਸਤਾਨ ਅਤੇ ISI ਨਾਲ ਸੰਭਾਵਿਤ ਸੰਬੰਧਾਂ ਦੀ ਵੀ ਜਾਂਚ ਕਰ ਰਹੀ ਹੈ। ਫਿਲਹਾਲ ਫਰਾਰ ਆਰੋਪੀ ਵਿਸ਼ਾਲ ਦੀ ਭਾਲ ਜਾਰੀ ਹੈ ਅਤੇ ਪੁਲਿਸ ਉਸ ਨੂੰ ਫੜਨ ਲਈ ਛਾਪੇਮਾਰੀ ਕਰ ਰਹੀ ਹੈ।

## ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਵੱਡੀ ਖ਼ਬਰ, ਇਨ੍ਹਾਂ ਸਾਥੀਆਂ ਲੈ ਕੇ ਪੰਜਾਬ ਲਈ ਰਵਾਨਾ ਹੋਈ ਪੁਲਸ



**ਡਿਬਰੂਗੜ੍ਹ/ਚੰਡੀਗੜ੍ਹ, 17 ਮਾਰਚ (ਆਵਾਜ਼ਿ ਕੌਮ ਬਿਊਰੋ)**- 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਨੂੰ ਪੰਜਾਬ ਲੈ ਕੇ ਆਉਣ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਇਸ ਦੇ ਤਹਿਤ ਪੰਜਾਬ ਪੁਲਸ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਪਹੁੰਚੀ ਹੈ। ਇਹ ਵੀ ਪਤਾ ਲੱਗਾ ਹੈ ਕਿ ਅੰਮ੍ਰਿਤਪਾਲ ਸਿੰਘ ਦੇ ਦੋ ਸਾਥੀਆਂ ਗੁਰਮੀਤ ਸਿੰਘ ਅਤੇ ਭਗਵੰਤ ਸਿੰਘ (ਪ੍ਰਧਾਨ ਮੰਤਰੀ ਬਾਜੇਕੇ) ਦਾ ਟਰਾਂਜ਼ਿਟ ਰਿਮਾਂਡ ਪੰਜਾਬ ਪੁਲਸ ਨੂੰ ਮਿਲਿਆ ਹੈ, ਜਿਸ ਤੋਂ ਬਾਅਦ ਪੰਜਾਬ ਪੁਲਸ ਡਿਬਰੂਗੜ੍ਹ ਜੇਲ੍ਹ ਪਹੁੰਚੀ ਅਤੇ ਜੇਲ੍ਹ ਪ੍ਰਸ਼ਾਸਨ ਵਲੋਂ ਦੋਵਾਂ ਨੂੰ ਪੰਜਾਬ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਮਗਰੋਂ ਦੋਵਾਂ ਨੂੰ ਪੰਜਾਬ ਲੈ ਕੇ ਆਂਦਾ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਸੰਸਦ ਮੈਂਬਰ ਅਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸੱਤ ਸਾਥੀਆਂ ਖ਼ਿਲਾਫ਼ ਸਖ਼ਤ ਕੌਮੀ ਸੁਰੱਖਿਆ ਕਾਨੂੰਨ (ਐੱਨ. ਐੱਸ. ਏ) ਦੀ ਮਿਆਦ ਵਿਚ ਵਾਧਾ ਨਾ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਸਾਰੇ ਹੀ ਅੰਮ੍ਰਿਤਪਾਲ ਨਾਲ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ। ਇਸ ਦੀ ਪੁਸ਼ਟੀ ਬਕਾਇਦਾ ਡੀਜੀਪੀ ਗੌਰਵ ਯਾਦਵ ਨੇ ਕੀਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸੱਤ ਵਿਅਕਤੀਆਂ ਨੂੰ ਪੰਜਾਬ ਵਾਪਸ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ। ਅੰਮ੍ਰਿਤਪਾਲ ਸਿੰਘ ਇਸ ਸਮੇਂ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਹੈ। ਦੱਸਣਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਖ਼ਿਲਾਫ਼ ਫਰਵਰੀ 2023 ਵਿਚ ਅਜਨਾਲਾ ਪੁਲਸ ਥਾਣੇ 'ਤੇ ਹਮਲਾ ਕਰਨ ਦਾ ਦੋਸ਼ ਹੈ ਅਤੇ ਇਸ ਸਬੰਧੀ ਕੇਸ ਵੀ ਦਰਜ ਹੈ। ਅੰਮ੍ਰਿਤਪਾਲ ਦੇ ਜਿਨ੍ਹਾਂ ਸੱਤ ਸਾਥੀਆਂ ਨੂੰ ਵਾਪਸ ਲੈਣ ਦੀ ਗੱਲ ਆਖੀ ਜਾ ਰਹੀ ਹੈ, ਉਨ੍ਹਾਂ ਵਿਚ ਬਸੰਤ ਸਿੰਘ, ਭਗਵੰਤ ਸਿੰਘ ਉਰਫ ਬਾਜੇਕੇ, ਗੁਰਮੀਤ ਸਿੰਘ ਬੁੱਕਣ ਵਾਲਾ, ਸਰਬਜੀਤ ਸਿੰਘ ਉਰਫ਼ ਦਲਜੀਤ ਸਿੰਘ ਕਲਸੀ, ਗੁਰਜਿੰਦਰ ਸਿੰਘ ਉਰਫ ਗੁਰੀ ਔਜਲਾ, ਅੰਮ੍ਰਿਤਪਾਲ ਸਿੰਘ ਦੇ ਚਾਚਾ ਹਰਜੀਤ ਸਿੰਘ ਅਤੇ ਕੁਲਵੰਤ ਸਿੰਘ ਸ਼ਾਮਲ ਹਨ।

## ਹਿਮਾਚਲ 'ਚ ਪੰਜਾਬੀ ਤੇ ਸਿੱਖ ਨੌਜਵਾਨਾਂ ਨਾਲ ਧੱਕਾ ਹਰਗਿਜ਼ ਨਹੀਂ ਕੀਤਾ ਜਾਵੇਗਾ ਬਰਦਾਸ਼ਤ, ਭੜਕੇ ਸ਼੍ਰੋਮਣੀ ਕਮੇਟੀ ਮੈਂਬਰ

**ਲੁਧਿਆਣਾ, 17 ਮਾਰਚ (ਆਵਾਜ਼ਿ ਕੌਮ ਬਿਊਰੋ)**-ਹਿਮਾਚਲ ਪ੍ਰਦੇਸ਼ ਵਿੱਚ ਕੁਝ ਸ਼ਰਾਰਤੀ ਲੋਕਾਂ ਵੱਲੋਂ ਪੁਲਿਸ ਦੀ ਹਾਜ਼ਰੀ ਵਿੱਚ ਸਿੱਖ ਤੇ ਪੰਜਾਬੀ ਨੌਜਵਾਨਾਂ ਵੱਲੋਂ ਲਗਾਏ ਸਿੱਖ ਝੰਡੇ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਪਾੜਣ ਅਤੇ ਪੈਰਾਂ ਹੇਠ ਮਿੱਧਣ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਮੈਬਰ ਗੁਰਚਰਨ ਸਿੰਘ ਗਰੇਵਾਲ ਦਾ ਬਿਆਨ ਆਇਆ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਸਾਡੇ ਪੰਜਾਬ ਦੇ ਨੌਜਵਾਨ ਹਿਮਾਚਲ ਪ੍ਰਦੇਸ਼ ਵਿੱਚ ਜੋ ਗੁਰੂ ਘਰਾਂ ਵਿੱਚ ਹੋਲਾ ਮਹੱਲਾ ਮਨਾਉਣ ਦੇ ਲਈ ਗਏ ਸਨ। ਉਥੋਂ ਦੇ ਕੁਝ ਲੋਕਾਂ ਵੱਲੋਂ ਪੁਲਿਸ ਦੀ ਹਾਜ਼ਰੀ ਵਿੱਚ ਉਹਨਾਂ ਦੇ ਪੋਸਟਰ ਅਤੇ ਝੰਡੇ ਉਤਾਰ ਕੇ ਪੈਰਾਂ ਵਿੱਚ ਮਿੱਧੇ ਗਏ, ਸ਼ਰੇਆਮ ਉਨ੍ਹਾਂ ਨਾਲ ਗੁੰਡਾਗਰਦੀ ਕੀਤੀ ਗਈ ਹੈ ਜਿਸ ਦੀ ਅਕਾਲ ਤਖਤ ਸਾਹਿਬ ਦੇ ਨਵਨਿਯੁਕਤ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਜਾਰੀ ਕੀਤੇ ਹਨ ਕਿ ਇਸ ਦੀ ਪੜਤਾਲ ਕੀਤੀ ਜਾਵੇ। ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇਸ ਨੂੰ ਹਰਗਿਜ਼ ਪ੍ਰਵਾਨ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਪੁਲਿਸ ਕਿਸੇ ਨੌਜਵਾਨ ਨੂੰ ਉਨ੍ਹਾਂ ਦੇ ਵਾਹਨ ਦੇ ਕਾਗਜ਼ਾਂ ਦੀ ਜਾਂਚ ਕਰਨ ਲਈ ਰੋਕਦੀ ਹੈ ਤਾਂ ਉਸ ਮੌਕੇ ਕਿਸੇ ਵੀ ਸਥਾਨਕ ਸ਼ਰਾਰਤੀ ਅਨਸਰਾਂ ਦਾ ਕੋਈ ਹੱਕ ਨਹੀਂ ਬਣਦਾ ਕਿ ਉਹ ਸਿੱਖ ਨੌਜਵਾਨਾਂ ਨਾਲ ਜ਼ੋਰ ਜ਼ਬਰਦਸਤੀ ਕਰਨ ਅਤੇ ਉਨ੍ਹਾਂ ਦੇ ਵਾਹਨਾਂ ਉੱਤੇ ਲੱਗੇ ਸਿੱਖਾਂ ਨਾਲ ਸਬੰਧਤ ਝੰਡਿਆਂ ਨੂੰ ਪਾੜਣ। ਉਨ੍ਹਾਂ ਕਿਹਾ ਕਿ ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਹਿਮਾਚਲ ਪ੍ਰਦੇਸ਼ ਦੀ ਪੁਲਿਸ ਨੂੰ ਜਿਵੇਂ ਸਥਾਨਕ ਗੁੰਡਾ ਤੇ ਸ਼ਰਾਰਤੀ ਅਨਸਰ ਚਲਾ ਰਹੇ ਹੋਣ।ਗਰੇਵਾਲ ਨੇ ਸਿੱਖ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਜਦੋਂ ਉਹ ਹਿਮਾਚਲ ਪ੍ਰਦੇਸ਼ ਜਾਣ ਤਾਂ ਆਪਣੇ ਵਾਹਨਾਂ ਦੇ ਕਾਗਜ਼ ਪੂਰੇ ਕਾਇਮ ਰੱਖਣ ਅਤੇ ਇਕੱਲੇ ਸਫ਼ਰ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਨੇ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਕਿਹਾ ਕਿ ਉਹ ਇਨ੍ਹਾਂ ਘਟਨਾਵਾਂ ਦਾ ਨੋਟਿਸ ਲੈਂਦਿਆਂ ਸੂਬੇ ਦੀ ਪੁਲਿਸ ਨੂੰ ਕਾਨੂੰਨ ਅਨੁਸਾਰ ਜ਼ਾਬਤਾ ਕਾਇਮ ਰੱਖਣ ਲਈ ਆਦੇਸ਼ ਕਰਨ। ਉਨ੍ਹਾਂ ਹਿਮਾਚਲ ਦੇ ਮੁੱਖ ਮੰਤਰੀ ਨੂੰ ਕਿਹਾ ਕਿ ਕੁਝ ਸ਼ਰਾਰਤੀ ਲੋਕ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਸੱਟ ਮਾਰਨਾਂ ਚਾਹੁੰਦੇ ਹਨ ਅਤੇ ਤਣਾਅ ਵਾਲੀ ਸਥਿਤੀ ਬਣਾਉਣਾ ਚਾਹੁੰਦੇ ਹਨ, ਜਿਸ ਪ੍ਰਤੀ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਅਨਸਰਾਂ ਨੂੰ ਨੱਥ ਪਾ ਕੇ ਰੱਖਣ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹਰ ਧਰਮ ਤੇ ਫਿਰਕੇ ਦੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਹੁੰਦੀ ਹੈ ਨਾ ਕਿ ਕਿਸੇ ਇੱਕ ਧਰਮ ਦੇ ਲੋਕਾਂ ਵਿਰੁੱਧ ਕੀਤੀ ਜਾ ਰਹੀ ਨਫ਼ਰਤ ਨੂੰ ਸ਼ਰੇਆਮ ਹੋਣ ਦੇਣ ਦੀ। ਉਨ੍ਹਾ ਨੇ ਕਿਹਾ ਕਿ ਇੱਕ ਭਾਰਤ ਬਹੁਧਰਮੀ ਅਤੇ ਬਹੁਭਾਸ਼ੀ ਦੇਸ਼ ਹੈ, ਜਿਸ ਵਿਚ ਹਰ ਇਕ ਨੂੰ ਧਾਰਮਿਕ ਅਜ਼ਾਦੀ ਹੈ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਸਿੱਖਾਂ ਦੇ ਕੌਮੀ ਸ਼ਹੀਦ ਤੇ ਨਾਇਕ ਹਨ, ਜਿਨ੍ਹਾਂ ਨੂੰ ਸਿੱਖ ਕੌਮ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਹੀਦ ਐਲਾਨਿਆ ਹੋਇਆ ਹੈ।



## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਐਡਵੋਕੇਟ ਧਾਮੀ ਦਾ ਅਸਤੀਫ਼ਾ ਅਪ੍ਰਵਾਨ

☛ ਅਕਾਦਮਿਕ ਵਿਦਵਾਨਾਂ ਦੀ ਕਮੇਟੀ ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਦੀ ਕਰੇਗੀ ਪੜਚੋਲ- ਸ. ਰਘੂਜੀਤ ਸਿੰਘ ਵਿਰਕ ☛ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਵਿਸਾਖੀ ਵਾਲੇ ਦਿਨ ਤੋਂ ਸ਼ੁਰੂ ਕੀਤੀ ਜਾਵੇਗੀ ਪ੍ਰਚੰਡ ਧਰਮ ਪ੍ਰਚਾਰ ਲਹਿਰ- ਸ. ਰਘੂਜੀਤ ਸਿੰਘ ਵਿਰਕ

**ਨਵੀਂ ਦਿੱਲੀ, 17 ਮਾਰਚ (ਮਨਪ੍ਰੀਤ ਸਿੰਘ ਖਾਲਸਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੱਜ ਇੱਥੇ ਸੈਕਟਰ 5 ਸਥਿਤ ਉਪ-ਦਫ਼ਤਰ ਵਿਖੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ ਦੀ ਅਗਵਾਈ ਵਿੱਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਸਰਬਸੰਮਤੀ ਨਾਲ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਅਸਤੀਫ਼ਾ ਅਪ੍ਰਵਾਨ ਕਰਦਿਆਂ ਉਨ੍ਹਾਂ ਨੂੰ ਸਿੱਖ ਸੰਸਥਾ ਦੇ ਮੁੱਖ ਸੇਵਾਦਾਰ ਦੀਆਂ ਸੇਵਾਵਾਂ ਤੁਰੰਤ ਸੰਭਾਲਣ ਦੀ ਅਪੀਲ ਕੀਤੀ ਗਈ ਹੈ। ਇਕੱਤਰਤਾ ਤੋਂ ਬਾਅਦ ਜਾਰੀ ਇੱਕ ਪ੍ਰੈੱਸ ਬਿਆਨ ਰਾਹੀਂ ਸ. ਰਘੂਜੀਤ ਸਿੰਘ ਵਿਰਕ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਅਸਤੀਫ਼ਾ ਅਪ੍ਰਵਾਨ ਕਰਕੇ ਅੱਜ ਹੀ ਉਨ੍ਹਾਂ ਦੀ ਹੁਸ਼ਿਆਰਪੁਰ ਸਥਿਤ ਰਿਹਾਇਸ਼ 'ਤੇ ਸਾਰੇ ਅੰਤ੍ਰਿੰਗ ਕਮੇਟੀ ਮੈਂਬਰ ਜਾਣਗੇ ਅਤੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਪਦ ਦੀਆਂ ਸੇਵਾਵਾਂ ਤੁਰੰਤ ਸੰਭਾਲਣ ਲਈ ਕਹਿਣਗੇ। ਸ. ਵਿਰਕ ਨੇ ਹੋਰ ਫੈਸਲਿਆਂ ਬਾਰੇ ਜਾਣਕਾਰੀ ਦਿੱਤੀ ਕਿ ਸਿੱਖ ਕੌਮ ਦੇ ਕੌਮੀ ਤਿਉਹਾਰ ਹੋਲਾ ਮਹੱਲਾ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਦਿੱਤੇ ਗਏ ਸੰਦੇਸ਼ ਦੀ ਰੋਸ਼ਨੀ ਵਿੱਚ ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਦੀ ਪੜਚੋਲ ਕਰਨ ਵਾਸਤੇ ਅਕਾਦਮਿਕ ਵਿਦਵਾਨਾਂ ਦੀ ਇੱਕ ਕਮੇਟੀ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦੇ ਸੰਦਰਭ ਵਿੱਚ ਇਸ ਸਿੱਖਿਆ ਨੀਤੀ ਅੰਦਰ ਕੀ-ਕੀ ਸੁਧਾਰ ਲੋੜੀਂਦੇ ਹਨ, ਇਸ ਬਾਰੇ ਕਮੇਟੀ ਰਾਹੀਂ ਮੁਲਾਂਕਣ ਕੀਤਾ ਜਾਵੇਗਾ ਅਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਇਹ ਕਮੇਟੀ ਪੰਜਾਬ ਗੁਰਮੁਖੀ ਨੂੰ ਮੌਜੂਦਾ ਚੁਣੌਤੀਆਂ 'ਤੇ ਵੀ ਮੰਥਨ ਕਰੇਗੀ ਅਤੇ ਜੋ ਵੀ ਸੁਝਾਅ ਸਾਹਮਣੇ ਆਉਣਗੇ ਉਸ ਨੂੰ ਕੇਂਦਰ ਸਰਕਾਰ ਦੇ ਸਾਹਮਣੇ ਰੱਖਿਆ ਜਾਵੇਗਾ। ਸ. ਵਿਰਕ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਸਾਹਿਬ ਦੇ ਆਦੇਸ਼ ਅਨੁਸਾਰ ਇੱਕ ਪ੍ਰਚੰਡ ਧਰਮ ਪ੍ਰਚਾਰ ਲਹਿਰ ਅਰੰਭੀ ਜਾਵੇਗੀ ਜੋ ਘਰ-ਘਰ ਤੱਕ ਪਹੁੰਚ ਕਰੇਗੀ। ਇਹ ਲਹਿਰ ਇਸੇ ਸਾਲ 13 ਅਪ੍ਰੈਲ ਨੂੰ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ ਸ਼ੁਰੂ ਕੀਤੀ ਜਾਵੇਗੀ। ਇਸ ਦੀ ਅਰੰਭਤਾ ਮੌਕੇ ਤਖ਼ਤ ਸਾਹਿਬਾਨਾਂ 'ਤੇ ਵੱਡੇ ਅੰਮ੍ਰਿਤ ਸੰਚਾਰ ਸਮਾਗਮ ਕੀਤੇ ਜਾਣਗੇ, ਜਿਨ੍ਹਾਂ ਵਿੱਚ ਹਜ਼ਾਰਾਂ ਦੀ ਗਿਣਤੀ ਅੰਦਰ ਸਿੱਖਾਂ ਨੂੰ ਅੰਮ੍ਰਿਤਪਾਨ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸਕ ਖੰਡੇ ਨਾਲ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵਾਂ ਸ਼ਹੀਦੀ ਦਿਹਾੜੇ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵਾਂ ਗੁਰਿਆਈ ਦਿਵਸ ਦੀ ਸ਼ਤਾਬਦੀ ਪੰਥਕ ਰਵਾਇਤਾਂ ਅਨੁਸਾਰ ਮਨਾਈ ਜਾ ਰਹੀ ਹੈ, ਇਸ ਲਈ ਇਹ ਧਰਮ ਪ੍ਰਚਾਰ ਲਹਿਰ ਇਨ੍ਹਾ ਦਿਹਾੜਿਆਂ ਨੂੰ ਸਮਰਪਿਤ ਹੋਵੇਗੀ। ਇਕੱਤਰਤਾ ਦੌਰਾਨ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਦਲਜੀਤ ਸਿੰਘ ਭਿੰਡਰ, ਸ. ਸੁਖਹਰਪ੍ਰੀਤ ਸਿੰਘ ਰੋਡੇ, ਸ. ਰਵਿੰਦਰ ਸਿੰਘ ਖ਼ਾਲਸਾ, ਸ. ਜਸਵੰਤ ਸਿੰਘ ਪੁੜੈਣ, ਸ. ਪਰਮਜੀਤ ਸਿੰਘ ਰਾਏਪੁਰ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਨਿੱਜੀ ਸਕੱਤਰ ਸ. ਸ਼ਾਹਬਾਜ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸ. ਲਖਬੀਰ ਸਿੰਘ, ਇੰਚਾਰਜ ਸ. ਅਜਾਦਦੀਪ ਸਿੰਘ, ਸ. ਮੇਜਰ ਸਿੰਘ, ਸ. ਗੁਰਮੇਜ ਸਿੰਘ ਆਦਿ ਹਾਜਰ ਸਨ।






# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ
ਵਿਖੇ ਸ੍ਰੀ ਨਨਕਾਣਾ ਸਾਹਿਬ
ਤੋਂ ਇਲਾਵਾ 25 ਹੋਰ
ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

★-- ਗੁਰੂ ਪੰਥ ਦੇ ਸੇਵਾਦਾਰ --★

**ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK**

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

  +447976210161

- ਭਾਈ ਬਲਜੀਤ ਸਿਘ ਕੰਗ/Bhai Baljit Singh Kang

  +44 7780 605230

- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

  +44 7568 517223

# ਜਨਮ ਦਿਨ ਮੁਬਾਰਕ




ਬਾਬਾ ਸੁਖਵੰਤ ਸਿੰਘ ਚੰਨਣਕੇ ਜੀ ਦੇ ਜਨਮ ਦਿਨ ਦੀਆਂ ਸਮੂਹ ਦੇਸ਼ਾਂ-ਵਿਦੇਸ਼ਾਂ ਦੀਆਂ ਸੰਗਤਾਂ ਵੱਲੋਂ ਲੱਖ-ਲੱਖ ਵਧਾਈਆਂ ਹੋਣ ਜੀ,
ਵੱਲੋਂ : ਸੰਤ ਸਮਾਜ ਮਾਝਾ, ਅਤੇ ਪੱਤਰਕਾਰ ਭਾਈਚਾਰਾ


ਨਾਮ ਜਪੋ Naam Japo
ਕਿਰਤ ਕਰੋ Kirat Karo
ਵੰਡ ਛਕੋ Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫਤਹਿ | ਅੰਮ੍ਰਿਤ ਛਕੋ ਸਿੰਘ ਸਜੋ - ਨਸ਼ੇ ਛੱਡੋ ਕੋਹੜ ਵੱਡੋ | ਪੰਥ ਕੀ ਜੀਤ

# ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਤਿੰਨ ਰੋਜ਼ਾ

# ਮਹਾਨ ਗੁਰਮਤਿ ਸਮਾਗਮ

ਗੁਰਦੁਆਰਾ ਸ੍ਰੀ ਨਾਮਦੇਵ ਭਵਨ, ਅਕਾਲਸਰ ਰੋਡ, ਮੋਗਾ ਵਿਖੇ ਮਿਤੀ 25-26-27 ਮਾਰਚ, 2025 ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਸ਼ਾਮ 6.00 ਤੋਂ 9.15 ਵਜੇ ਤੱਕ ਦੀਵਾਨ ਸਜਾਏ ਜਾਣਗੇ। ਜਿਸ ਵਿੱਚ ਪੰਥ ਦੇ ਮਹਾਨ ਕੀਰਤਨ, ਕਥਾ ਵਾਚਕ, ਢਾਡੀ, ਕਵਿਸ਼ਰੀ ਸਿੰਘ ਹਾਜ਼ਰੀਆਂ ਭਰਨਗੇ ਇਸ ਹੋ ਰਹੇ ਮਹਾਨ ਗੁਰਮਤਿ ਸਮਾਗਮ ਵਿੱਚ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ।

**ਮਿਤੀ 25 ਮਾਰਚ, 2025**
**ਦਿਨ ਮੰਗਲਵਾਰ**
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਸੋਹਣ ਸਿੰਘ ਹਜ਼ੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਕਥਾ --- 7:40 ਤੋਂ 9:15 ਵਜੇ ਤੱਕ
(ਪੰਥ ਦੇ ਮਹਾਨ ਕਥਾ ਵਾਚਕ ਗਿਆਨੀ ਨਿਰਮਲ ਸਿੰਘ ਧੂਲਕੋਟ)

**ਮਿਤੀ 26 ਮਾਰਚ, 2025**
**ਦਿਨ ਬੁੱਧਵਾਰ**
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਸੋਹਣ ਸਿੰਘ ਹਜ਼ੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਢਾਡੀ --- 7:40 ਤੋਂ 9:15 ਵਜੇ ਤੱਕ
(ਭਾਈ ਸੁਖਵਿੰਦਰ ਸਿੰਘ ਢਾਡੀ ਜੱਥਾ)

**ਮਿਤੀ 27 ਮਾਰਚ, 2025**
**ਦਿਨ ਵੀਰਵਾਰ**
ਰਹਿਰਾਸ ਸਾਹਿਬ --- 6:00 ਤੋਂ 6:30 ਵਜੇ ਤੱਕ
ਕੀਰਤਨ --- 6:30 ਤੋਂ 7:00 ਵਜੇ ਤੱਕ
(ਕੀਰਤਨ ਭਾਈ ਸੋਹਣ ਸਿੰਘ ਹਜ਼ੂਰੀ ਜੱਥਾ)
ਕਵਿਸ਼ਰੀ --- 7:00 ਤੋਂ 7:40 ਵਜੇ ਤੱਕ
(ਭਾਈ ਵਰਿਆਮ ਸਿੰਘ ਸਲੀਣਾ ਕਵਿਸ਼ਰੀ ਜੱਥਾ)
ਢਾਡੀ --- 7:40 ਤੋਂ 9:15 ਵਜੇ ਤੱਕ
(ਪੰਥ ਦੇ ਮਹਾਨ ਕਥਾ ਵਾਚਕ ਗਿਆਨੀ ਸੁਖਦੇਵ ਸਿੰਘ ਡੱਲਾ)






ਪੰਥ ਦੇ ਮਹਾਨ ਕਥਾ ਵਾਚਕ
ਗਿਆਨੀ ਸੁਖਦੇਵ ਸਿੰਘ ਡੱਲਾ



ਪੰਥ ਦੇ ਮਹਾਨ ਕਥਾ ਵਾਚਕ
ਗਿਆਨੀ ਨਿਰਮਲ ਸਿੰਘ ਧੂਲਕੋਟ

ਅੰਮ੍ਰਿਤ ਛਕੋ ਸਿੰਘ ਸਜੋ - ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ
ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਪੁੱਤਰੋ ਧੀਓ ਅੰਮ੍ਰਿਤ ਧਾਰੀ ਹੋ ਕੇ ਜੀਓ।

ਮਿਤੀ 28 ਮਾਰਚ, 2025 ਦਿਨ ਸ਼ੁਕਰਵਾਰ ਨੂੰ ਸਵੇਰੇ 11:30 ਵਜੇ ਮਹਾਨ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀ ਪ੍ਰਾਣੀ ਕੇਸੀ ਇਸ਼ਨਾਨ ਕਰਕੇ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ। ਕਕਾਰਾਂ ਦੀ ਸੇਵਾ ਫਰੀ ਕੀਤੀ ਜਾਵੇਗੀ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :
ਭਾਈ ਗੁਰਮੀਤ ਸਿੰਘ ਸਲੀਣਾ (UK) 73409-17046
ਭਾਈ ਹਰਮੇਲ ਸਿੰਘ ਮੋਗਾ 94171-39213

ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਵੱਲੋਂ : ਗੁਰਦੁਆਰਾ ਨਾਮਦੇਵ ਭਵਨ ਪ੍ਰਬੰਧਕੀ ਕਮੇਟੀ, ਮੋਗਾ
ਮੋ: 99156-86386

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਏ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV


ੴ ਸਤਿਗੁਰ ਪ੍ਰਸਾਦਿ ॥
ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ
ਪ੍ਰਗਟਿਓ ਖਾਲਸਾ ਅਤੇ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ
ਕਥਾ ਕੀਰਤਨ ਦਰਬਾਰ
ਮਿਤੀ 4, 5, 6, 7, 8 ਅਪ੍ਰੈਲ 2025 ਸਮਾਂ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ
ਪਿੰਡ ਮੜੌਲੀ ਕਲਾਂ (ਸ਼ਹਿਰ ਮੋਰਿੰਡਾ)
ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਤਖਤ ਸ੍ਰੀ ਕੇਸਗੜ੍ਹ ਸਾਹਿਬ
ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਸਾਬਕਾ ਜਥੇਦਾਰ
ਸੰਤ ਬਾਬਾ ਗੁਰਦਿਆਲ ਸਿੰਘ ਜੀ ਟਾਂਡੇ ਵਾਲੇ
ਜਥੇਦਾਰ ਬਾਬਾ ਬਲਜੀਤ ਸਿੰਘ ਜੀ ਦਾਦੂਵਾਲ ਸਾਹਿਬ
ਬਾਬਾ ਗੁਲਾਬ ਸਿੰਘ ਜੀ ਸ੍ਰੀ ਚਮਕੌਰ ਸਾਹਿਬ
ਭਾਈ ਸੁਰਿੰਦਰਪਾਲ ਸਿੰਘ ਸੋਢੀ ਮੋਰਿੰਡੇ ਵਾਲੇ
ਬੇਨਤੀ ਕਰਤਾ: ਦਾਸ ਸੁਰਿੰਦਰਪਾਲ ਸਿੰਘ ਸੋਢੀ (ਮੋਰਿੰਡੇ ਵਾਲੇ) ਅਤੇ ਸਮੂਹ ਨਗਰ ਨਿਵਾਸੀ ਸਾਧ ਸੰਗਤ ਪਿੰਡ ਮੜੌਲੀ ਕਲਾਂ 84373-90114


धर्म प्रचार
हरियाणा सिख गुरुद्वारा प्रबंधक कमेटी
की तरफ से
धन-धन श्री गुरु गोबिंद सिंह जी के परम् सेवक शहीद पीर बुधु शाह जी के
321 वें शहीदी दिवस को समर्पित सालाना
गुरमत समागम
पीर बुधु शाह जी मैमोरियल हॉल (नजदीक गुरुद्वारा जन्म स्थान शहीद पीर बुधु शाह जी, सढ़ौरा जिला यमुनानगर में
दिनांक 21-03-2025 दिन शुक्रवार को सवेरे 9:00 बजे से 3:00 बजे तक इलाके की सभी संगतों के सहयोग से मनाया जा रहा है।
आरंभ श्री आखंड पाठ साहिब 19-03-2025 दिन बुधवार
भोग श्री आखंड पाठ साहिब 21-03-2025 दिन शुक्रवार
गुरू का लंगर अटूट वरतेगा
LIVE ON
पहुंच रहे रागी जत्थे, ढाढी जत्थे व कथावाचक साहिबान
भाई बलप्रीत सिंह जी रागी जत्था, लुधियाना वाले
भाई रणजीत सिंह जी कथावाचक धर्म प्रचार (HSGMC)
जत्थेदार भुपिन्द्र सिंह, असंध
प्रधान
हरियाणा सिख गुरुद्वारा प्रबंधक कमेटी
सरदार सुखविन्द्र सिंह मंढेबर, सचिव
सरदार हरबंस सिंह कड़कौली, मैंबर
सरदार अमरजीत सिंह, मैंबर
जत्थेदार बलजीत सिंह दादुवाल
चैयरमैन, धर्म प्रचार
हरियाणा सिख गुरुद्वारा प्रबंधक कमेटी
बेनती कर्ताः सचिव धर्म प्रचार, हरियाणा सिख गुरुद्वारा प्रबंधक कमेटी, सभी साध संगत व गुरुद्वारा शहीद पीर बुधु शाह जी प्रबंधक कमेटी व सेवा सोसाईटी, सढ़ौरा
M.89292-55553, 98969-57535
94163-94177





**ਫਿਰੋਜ਼ਪੁਰ ਦੇ ਪਿੰਡ ਮਹਾਲਮ ਦੇ ਵਿੱਚ ਧੰਨ ਧੰਨ ਬਾਬਾ ਹਰਨਾਮ ਸਿੰਘ ਜੀ ਰੱਤੋਕਿਆਂ ਵਾਲਿਆਂ ਦੀ ਯਾਦ ਵਿੱਚ 21 ਮਾਰਚ ਨੂੰ ਹੋਣ ਵਾਲੇ ਜੋੜ ਮੇਲੇ ਦੇ ਲਈ ਨੌਜਵਾਨਾਂ ਵਿਚ ਉਤਸ਼ਾਹ ,ਜੋੜ ਮੇਲੇ ਵਿੱਚ ਪਹੁੰਚਣ ਲਈ ਨੋਜਵਾਨਾਂ ਨੇ ਸੰਗਤਾਂ ਨੂੰ ਕੀਤੀ ਅਪੀਲ।**

## ਫਿਰੋਜ਼ਪੁਰ ਤੋਂ ਸੁਖਮੰਦਰ ਸਿੰਘ ਸ਼ਾਤ ਦੀ ਰਿਪੋਰਟ

ਆਵਾਜ਼ਿ ਕੌਮ AWAZE QAUM International Newspaper & WEB TV





## ਹਠੂਰ ਦਾ ਸ਼ਾਨਦਾਰ ਪੇਂਡੂ ਖੇਡ ਮੇਲਾ ਮਿੱਠੀਆਂ ਯਾਦਾਂ ਛੱਡਦਾ ਸਮਾਪਤ ਹੋਇਆ

# ਜੇਤੂ ਟੀਮਾਂ ਨੂੰ ਨਗਦ ਇਨਾਮ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਕੀਤਾ ਸਨਮਾਨਿਤ







**ਹਠੂਰ/ਜਗਰਾਉਂ, (ਵਰਿਆਮ ਹਠੂਰ)**-ਇਤਿਹਾਸਕ ਕਸਬਾ ਹਠੂਰ ਦੀ ਅਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਸਮੂਹ ਗ੍ਰਾਮ ਪੰਚਾਇਤ ਨਗਰ ਨਿਵਾਸੀਆਂ ਅਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਸਦਕਾ ਕਰਵਾਇਆ ਤਿੰਨ ਰੋਜ਼ਾ 17ਵਾਂ ਸ਼ਾਨਦਾਰ ਪੇਂਡੂ ਖੇਡ ਮੇਲਾ ਮਿੱਠੀਆਂ ਯਾਦਾਂ ਛੱਡਦਾ ਸਮਾਪਤ ਹੋਇਆ, ਪਹਿਲੇ ਦਿਨ ਰੀਬਨ ਕੱਟਣ ਦੀ ਰਸਮ ਕਾਂਗਰਸ ਦੇ ਸੀਨੀਅਰ ਆਗੂ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ ਅਤੇ ਮਾਸਟਰ ਨਛੱਤਰ ਸਿੰਘ ਹਠੂਰ ਕੈਨੇਡਾ ਵਾਲ਼ਿਆਂ ਨੇ ਸਾਂਝੇ ਤੌਰ ਤੇ ਨਿਭਾਈ, ਟੂਰਨਾਮੈਂਟ ਵਿੱਚ ਹਾਕੀ, ਫੁੱਟਬਾਲ, ਬਾਲੀਵਾਲ, ਅਤੇ ਤਾਸ਼ ਸੀਪ ਦੇ ਸ਼ਾਨਦਾਰ ਮੁਕਾਬਲੇ ਕਰਵਾਏ ਗਏ ਤੇ ਖਿਡਾਰੀਆਂ ਵੱਲੋਂ ਚੰਗੀ ਮਿਹਨਤ ਨਾਲ ਖੇਡ ਪ੍ਰਦਰਸ਼ਨ ਕੀਤਾ, ਨਗਰ ਦੇ ਮੌਜੂਦਾ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਨੇ ਪੁੱਜੀਆਂ ਟੀਮਾਂ ਅਤੇ ਖੇਡ ਮੇਲੇ ਦੀ ਰੌਣਕ ਵਧਾਉਂਣ ਆਏ ਐੱਨ ਆਰ ਆਈ ਵੀਰਾਂ ਅਤੇ ਸਹਿਯੋਗੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਖੇਡ ਮੇਲੇ ਦੇ ਅਖੀਰਲੇ ਦਿਨ ਹਾਕੀ ਵਿੱਚ ਪੂਹਲੀ ਦੀ ਟੀਮ ਫਾਸਟ ਰਹੀ ਤੇ ਸੈਕਿੰਡ ਨੰਬਰ ਤੇ ਘਵੱਦੀ ਦੀ ਟੀਮ ਰਹੀ, ਫੁੱਟਬਾਲ ਵਿੱਚ ਪਹਿਲਾ ਸਥਾਨ ਪਿੰਡ ਕਮਾਲਪੁਰਾ ਦੀ ਟੀਮ ਨੇ ਹਾਸਲ ਕੀਤਾ, ਤੇ ਦੂਜੇ ਸਥਾਨ ਤੇ ਪਿੰਡ ਚਕਰ ਦੀ ਟੀਮ ਰਹੀ, ਬਾਲੀਵਾਲ ਵਿੱਚ ਪਹਿਲੇ ਨੰਬਰ ਤੇ ਪਿੰਡ ਗਾਗੇਵਾਲ ਦੀ ਟੀਮ, ਤੇ ਦੂਜੇ ਨੰਬਰ ਤੇ ਪਿੰਡ ਚੱਕ ਭਾਈ ਕਾ ਦੀ ਟੀਮ ਰਹੀ, ਇਸੇ ਤਰ੍ਹਾਂ ਤਾਸ਼ ਸੀਪ ਵਿੱਚ ਪਹਿਲੇ ਨੰਬਰ ਤੇ ਹਠੂਰ ਦੀ ਟੀਮ ਤੇ ਦੂਜੇ ਨੰਬਰ ਤੇ ਪਿੰਡ ਭੰਮੀਪੁਰਾ ਦੀ ਟੀਮ ਰਹੀ, ਜਿੰਨ੍ਹਾਂ ਨੂੰ ਅਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਨਗਦ ਇਨਾਮ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਸਵ: ਸਰੈਣ ਸਿੰਘ ਦੇ ਪਰਿਵਾਰ ਵੱਲੋਂ ਹਾਕੀ ਅਤੇ ਫੁੱਟਵਾਲ ਦੇ ਬੈਸਟ ਖਿਡਾਰੀ ਨੂੰ ਵਾਸਿੰਗ ਮਸ਼ੀਨਾਂ ਦਿੱਤੀਆਂ ਗਈਆਂ, ਬੈਸਟ ਹਾਕੀ ਪਲੇਅਰ ਬੱਗੋ ਧੂਰਕੋਟ ਨੂੰ ਮੋਟਰਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ, ਇਸ ਤੋਂ ਇਲਾਵਾ ਛੋਟੀ ਉਮਰ ਦੇ ਬੱਚੇ ਜ਼ੋ ਦਿਲਚਸਪੀ ਰੱਖਦੇ ਹੋਏ ਖੇਡਾਂ ਨਾਲ ਜੁੜ ਰਹੇ ਹਨ ਉਨ੍ਹਾਂ ਅਨੇਕਾਂ ਬੱਚਿਆਂ ਨੂੰ ਵੀ ਅਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ, ਵਿਸ਼ੇਸ਼ ਤੌਰ ਤੇ ਪਹੁੰਚੇ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ, ਆਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਦੇ ਪ੍ਰਧਾਨ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਨੇ ਪਰਮਲ ਸਿੰਘ ਕੈਨੇਡਾ, ਸੁਖਚੈਨ ਸਿੰਘ ਚੈਨਾ ਯੂ ਐੱਸ ਏ, ਜਵੰਦਾ ਪਰਿਵਾਰ, ਦਰਸ਼ਨ ਸਿੰਘ ਰਾਮੇ ਵਾਲੇ ਕੈਨੇਡਾ ਵਾਲ਼ਿਆਂ ਦੇ ਪਰਿਵਾਰ, ਅਮਰਜੀਤ ਸਿੰਘ ਬੈਲਜੀਅਮ, ਦੁੱਲਾ ਯੂ ਐੱਸ ਏ, ਸਤਨਾਮ ਸਿੰਘ ਯੂ ਐੱਸ ਏ, ਮਨਪ੍ਰੀਤ ਸਿੰਘ ਯੂ ਐੱਸ ਏ, ਗੀਤਾ ਸਿੰਘ ਪੁੱਤਰ ਦਲਬਾਰਾ ਸਿੰਘ ਕੈਨੇਡਾ, ਜਗਜੀਤ ਸਿੰਘ ਯੂ ਐੱਸ ਏ, ਮਾਸਟਰ ਨਛੱਤਰ ਸਿੰਘ ਕੈਨੇਡਾ, ਅਵਤਾਰ ਸਿੰਘ ਕੈਨੇਡਾ, ਇੰਦਰਪਾਲ ਸਿੰਘ ਕੈਨੇਡਾ, ਸਾਬਕਾ ਸਰਪੰਚ ਮਲਕੀਤ ਸਿੰਘ ਹਠੂਰ ਅਤੇ ਰੀਅਲ ਮਿਕਸ ਨਿਊਜ਼ ਦੀ ਟੀਮ ਸਮੇਤ ਹੋਰ ਸਹਿਯੋਗੀ ਸ਼ਖ਼ਸੀਅਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਗੱਲਬਾਤ ਕਰਦਿਆਂ ਅਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਦੇ ਪ੍ਰਧਾਨ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਨੇ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਸਲਾਨਾ ਪੇਂਡੂ ਖੇਡ ਮੇਲਾ ਕਰਵਾਇਆ ਜਾਂਦਾ ਹੈ ਤਾਂ ਜੋ ਨੌਜਵਾਨ ਖੇਡਾਂ ਵਿੱਚ ਤਰੱਕੀਆਂ ਕਰਨ ਤੇ ਭੈੜੀਆਂ ਅਲਾਮਤਾਂ ਤੋਂ ਬਚ ਸਕਣ, ਉਨ੍ਹਾਂ ਕਿਹਾ ਕਿ ਛੋਟੀ ਉਮਰ ਦੇ ਬੱਚਿਆਂ ਨੂੰ ਵੀ ਖੇਡਾਂ ਨਾਲ ਜੋੜਨ ਲਈ ਉਪਰਾਲੇ ਕਰ ਰਹੇ ਹਾਂ ਤਾਂ ਜੋ ਬੱਚੇ ਲੈਪਟਾਪ, ਮੋਬਾਈਲ ਫੋਨ ਦੀਆਂ ਗੇਮਾਂ ਚੋਂ ਨਿੱਕਲ ਕੇ ਗਰਾਊਂਡਾਂ ਵਿੱਚ ਆ ਕੇ ਮਿਹਨਤ ਕਰਨ, ਇਸ ਮੌਕੇ ਗੱਲਬਾਤ ਕਰਦਿਆਂ ਕਾਂਗਰਸ ਦੇ ਸੀਨੀਅਰ ਆਗੂ ਜਗਤਾਰ ਸਿੰਘ ਜੱਗਾ ਹਿੱਸੋਵਾਲ ਨੇ ਕਿਹਾ ਕਿ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਤੇ ਸਮੂਹ ਆਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਦਾ ਸ਼ਲਾਘਾਯੋਗ ਉਪਰਾਲਾ ਹੈ। ਜੋ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਰਹੇ ਹਨ, ਉਨ੍ਹਾਂ ਕਿਹਾ ਕਿ ਕੁਰਾਹੇ ਪਏ ਨੌਜਵਾਨਾਂ ਨੂੰ ਵੀ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਗਰਾਊਂਡਾਂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਹਾਕੀ ਕੋਚ ਪ੍ਰੀਤਮ ਸਿੰਘ ਹਠੂਰ, ਹਾਕੀ ਕੋਚ ਰੇਸ਼ਮ ਸਿੰਘ ਪਾਲ, ਛਿੰਦਾ ਹਠੂਰ, ਆਈਡੀਅਲ ਕੌਨਵੈਂਟ ਸਕੂਲ ਹਠੂਰ ਦੇ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ, ਰਾਜ ਖਾਨ ਨੱਥੋਵਾਲ, ਗੁਰਪ੍ਰੀਤ ਸਿੰਘ ਹਠੂਰ, ਪ੍ਰਧਾਨ ਲਾਡੀ ਹਠੂਰ, ਨਵੀ ਹਠੂਰ, ਕਮਲਜੀਤ ਸਿੰਘ ਧਾਲੀਵਾਲ ਹਠੂਰ, ਸੁਖਚਰਨ ਸਿੰਘ, ਬੱਗੀ ਹਠੂਰ, ਮੁਨੀਸ਼ ਗੁਰਪ੍ਰੀਤ ਸਿੰਘ ਹਠੂਰ, ਅਮਨਾ ਵਾਸੀ, ਪੰਚ ਜਗਦੀਪ ਸਿੰਘ ਦੀਪਾ, ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਦੇ ਜਥੇਦਾਰ ਭਾਈ ਹਰਪ੍ਰੀਤ ਸਿੰਘ ਖਾਲਸਾ ਸਮੇਤ ਅਨੇਕਾਂ ਖਿਡਾਰੀ ਅਤੇ ਦਰਸ਼ਕ ਹਾਜ਼ਰ ਸਨ।

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥



ਸਿੱਖ ਸੰਘਰਸ਼ ਦੇ ਮਹਾਨ ਜਰਨੈਲ ਬੱਬਰ ਖਾਲਸਾ ਇੰਟਰਨੈਸ਼ਨਲ ਦੇ
ਮੁਖੀ ਜਥੇਦਾਰ ਵਧਾਵਾ ਸਿੰਘ ਬੱਬਰ ਦੇ ਭੈਣ ਜੀ ਬਲਬੀਰ ਕੌਰ ਜੀ ਦੇ
ਪਤੀ ਮੌਜੂਦਾ ਸਿੱਖ ਸੰਘਰਸ਼ ਦੌਰਾਨ ਤਸ਼ੱਦਦ ਝੱਲਣ ਵਾਲੇ

# ਸਰਦਾਰ ਗੁਰਨਾਮ ਸਿੰਘ ਭੰਗਾਲਾ

ਜੋ ਬੀਤੇ ਦਿਨੀਂ 16 ਮਾਰਚ ਨੂੰ ਗੁਰਪੁਰੀ ਜਾ ਬਿਰਾਜੇ ਹਨ ਉਨ੍ਹਾਂ ਦਾ ਅੰਤਿਮ ਸੰਸਕਾਰ ਮਿਤੀ 19 ਮਾਰਚ ਨੂੰ ਪਿੰਡ ਭੰਗਾਲਾ, ਤਹਿਸੀਲ ਫਿਲੌਰ ਜਿਲ੍ਹਾ ਜਲੰਧਰ ਨੇੜ੍ਹੇ ਨੂਰਮਹਿਲ ਵਿਖੇ ਹੋਵੇਗਾ ਅਤੇ ਅੰਤਿਮ ਅਰਦਾਸ 25 ਮਾਰਚ ਦਿਨ ਮੰਗਲਵਾਰ ਨੂੰ ਹੋਵੇਗੀ।

ਆਪ ਸਭ ਸੰਗਤਾਂ ਨੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਗੁਰੂ ਪੰਥ ਦੇ ਦਾਸ
ਭਾਈ ਬਖਸ਼ੀਸ਼ ਸਿੰਘ ਮੁਖੀ ਅਖੰਡ ਕੀਰਤਨੀ ਜਥਾ ਭਾਰਤ, ਭਾਈ ਭੁਪਿੰਦਰ ਸਿੰਘ ਪਹਿਲਵਾਨ ਮੁਖੀ ਅਖੰਡ ਕੀਰਤਨੀ ਜਥਾ ਜਰਮਨੀ ।
ਹਵਾਰਾ ਕਮੇਟੀ ਵਲੋਂ ਬਾਪੂ ਗੁਰਚਰਨ ਸਿੰਘ, ਪ੍ਰੋਫੈਸਰ ਬਲਜਿੰਦਰ ਸਿੰਘ, ਮਹਾਵੀਰ ਸਿੰਘ ਸੁਲਤਾਨਵਿੰਡ, ਸ੍ਰ.ਦਰਸ਼ਨ ਸਿੰਘ, ਉਤਮਪ੍ਰੀਤ ਸਿੰਘ ਅਤੇ ਜਸਪਾਲ ਸਿੰਘ

ਸੰਪਰਕ : 8146215678

ਆਵਾਜ਼ਿ ਕੌਮ AWAZE QAUM International Newspaper & WEB TV

### ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿਖੇ

# ਗੁਰੂ ਨਾਨਕ ਗੁਰਦੁਆਰਾ ਸਮੈਥਿਕ ਨੇ ਮਹਾਨ ਹੋਲਾ ਮੁਹੱਲਾ ਮਨਾਇਆ

## ਹੋਲਾ ਮਹੱਲਾ ਸਿਰਫ ਸਿੱਖ ਜੰਗੀ ਮਹਾਰਤ ਦੀ ਵਿਰਾਸਤ ਨੂੰ ਸਲਾਮ ਨਹੀਂ ਕਰਦਾ, ਪਰ ਪਰਿਵਾਰਾਂ ਅਤੇ ਭਾਈਚਾਰੇ ਨੂੰ ਇਕੱਠਾ ਹੋਣ ਅਤੇ ਜਸ਼ਨ ਮਨਾਉਣ ਲਈ ਵੀ ਮੌਕਾ ਦਿੰਦਾ ਹੈ





















**ਬਰਮਿੰਘਮ, 17 ਮਾਰਚ (ਆਵਾਜ਼ਿ ਕੌਮ ਬਿਊਰੋ)**-ਹੋਲਾ ਮਹੱਲਾ ਸਿੱਖ ਜੰਗੀ ਰੂਹ ਨੂੰ ਉਜਾਗਰ ਕਰਨ ਵਾਲਾ ਤਿਉਹਾਰ ਹੈ। ਇਹ ਹਰ ਸਾਲ, ਆਮ ਤੌਰ 'ਤੇ ਹੋਲੀ ਦੇ ਅਗਲੇ ਦਿਨ ਮਨਾਇਆ ਜਾਂਦਾ ਹੈ ਅਤੇ ਮੁੱਖ ਤੌਰ 'ਤੇ ਨਿਹੰਗ ਸੰਪ੍ਰਦਾਇ ਦੇ ਸਿੱਖਾਂ ਨੂੰ ਇਕੱਠਾ ਕਰਦਾ ਹੈ। ਇਹ ਤਿਉਹਾਰ ਪੰਜਾਬ, ਭਾਰਤ ਦੇ ਆਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਸਥਾਪਨਾ ਕੀਤੀ ਸੀ, ਤਾਂ ਜੋ ਸਿੱਖ ਇਕੱਠੇ ਹੋਣ, ਜੰਗੀ ਕੌਸ਼ਲਾਂ ਦੀ ਪ੍ਰੈਕਟਿਸ ਕਰਨ ਅਤੇ ਆਪਣੀ ਜੰਗੀ ਮਹਾਰਤ, ਕਵਿਤਾ ਅਤੇ ਸੰਗੀਤ ਦੇ ਜ਼ਰੀਏ ਆਪਣਾ ਪਰਚਮ ਲਹਿਰਾ ਸਕਣ। ਇਹ ਇੱਕ ਰੰਗੀਨ ਅਤੇ ਅਰਥਪੂਰਨ ਪਰੰਪਰਾ ਹੈ।

ਹੋਲਾ ਮਹੱਲਾ ਸਿੱਖ ਮੁੱਲਾਂ, ਜੰਗੀ ਪਰੰਪਰਾਵਾਂ ਅਤੇ ਭਾਈਚਾਰੇ ਦਾ ਜਸ਼ਨ ਹੈ। ਇਹ ਵੱਡੀਆਂ ਗਤਿਵਿਧੀਆਂ, ਜੁਲੂਸਾਂ ਅਤੇ ਫੌਜੀ ਅਭਿਆਸਾਂ ਲਈ ਜਾਣਿਆ ਜਾਂਦਾ ਹੈ, ਖਾਸ ਕਰਕੇ ਨਿਹੰਗ ਸਿੱਖਾਂ ਵਿਚਲੇ ਜਿਨ੍ਹਾਂ ਦੀ ਪਛਾਣ ਜੰਗੀ ਕਲਾਵਾਂ ਨਾਲ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਲਗਭਗ 1701 ਵਿਚ ਇਸ ਦੀ ਸ਼ੁਰੂਆਤ ਕੀਤੀ ਸੀ, ਤਾਂ ਜੋ ਆਪਣੇ ਅਨੁਯਾਇਆਂ ਨੂੰ ਲੜਾਈ ਲਈ ਤਿਆਰ ਕਰ ਸਕਣ ਅਤੇ ਮੁਗਲਾਂ ਉਤੇ ਜਿੱਤ ਦਾ ਜਸ਼ਨ ਮਨਾ ਸਕਣ। ਇਹ ਦਿਨ ਗਤਕਾ, ਕਵਿਤਾ, ਗੀਤਾਂ, ਝੂਠੀਆਂ ਲੜਾਈਆਂ ਅਤੇ ਬਲੀਦਾਨ ਤੇ ਹਿੰਮਤ ਵਰਗੀਆਂ ਮੁੱਲਾਂ ਦੀ ਇੱਜ਼ਤ ਦੇਣ ਲਈ ਮਨਾਇਆ ਜਾਂਦਾ ਹੈ। ਇਹ ਹਰ ਸਾਲ ਹੋਲੀ ਦੇ ਦਿਨ ਤੋਂ ਬਾਅਦ ਮਨਾਇਆ ਜਾਂਦਾ ਹੈ ਅਤੇ ਸਿੱਖ ਪਛਾਣ, ਤਾਕਤ ਅਤੇ ਅਨੁਸ਼ਾਸਨ ਨੂੰ ਉਜਾਗਰ ਕਰਦਾ ਹੈ।

**1. ਜੰਗੀ ਵਿਰਾਸਤ:**

ਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ ਮਹੱਲਾ ਦੀ ਸਥਾਪਨਾ ਸਿੱਖ ਭਾਈਚਾਰੇ ਦੀ ਜੰਗੀ ਵਿਰਾਸਤ ਨੂੰ ਉਜਾਗਰ ਕਰਨ ਅਤੇ ਸੰਭਾਲਣ ਲਈ ਕੀਤੀ। ਇਹ ਇਕ ਮੌਕਾ ਸੀ ਕਿ ਸਿੱਖ, ਖਾਸ ਕਰਕੇ ਨਿਹੰਗ ਸਿੱਖ (ਸੰਨਿਆਸੀ-ਜੰਗੀ), ਗਤਕਾ ਵਰਗੀਆਂ ਜੰਗੀ ਕਲਾਵਾਂ ਦਿਖਾ ਸਕਣ ਅਤੇ ਆਪਣੇ ਧਰਮ ਤੇ ਭਾਈਚਾਰੇ ਦੀ ਰਾਖੀ ਲਈ ਤਿਆਰੀ ਕਰ ਸਕਣ।

**2. ਆਧਿਆਤਮਿਕ ਅਤੇ ਸਾਂਸਕ੍ਰਿਤਿਕ ਜਸ਼ਨ:**

ਹਾਲਾਂਕਿ ਇਹ ਹੋਲੀ ਤਿਉਹਾਰ ਨਾਲ ਮਿਲਦਾ ਹੈ, ਪਰ ਹੋਲਾ ਮਹੱਲਾ ਦੀ ਖਾਸ ਪਛਾਣ ਹੈ। ਹੋਲੀ ਵਿੱਚ ਰੰਗਾਂ ਦੀ ਖੇਡ ਹੁੰਦੀ ਹੈ, ਪਰ ਸਿੱਖ ਇਸ ਦਿਨ ਨੂੰ ਹਿੰਮਤ, ਅਨੁਸ਼ਾਸਨ ਅਤੇ ਭਾਈਚਾਰੇ ਦੀ ਰੂਹ ਨਾਲ ਮਨਾਉਂਦੇ ਹਨ। ਝੂਠੀਆਂ ਲੜਾਈਆਂ, ਕਵਿਤਾ ਪਾਠ, ਸੰਗੀਤ ਅਤੇ ਜੁਲੂਸਾਂ ਰਾਹੀਂ ਇਹ ਜਸ਼ਨ ਮਨਾਇਆ ਜਾਂਦਾ ਹੈ, ਜੋ ਸਿੱਖ ਮੁੱਲਾਂ - ਬਲੀਦਾਨ, ਹਿੰਮਤ ਅਤੇ ਸ਼ਰਧਾ - ਨੂੰ ਮਜ਼ਬੂਤ ਕਰਦਾ ਹੈ।

**3. ਸਿੱਖ ਪਛਾਣ ਦੀ ਪੁਸ਼ਟੀ:**

ਇਹ ਤਿਉਹਾਰ ਸਿੱਖ ਭਾਈਚਾਰੇ ਦੀ ਇਤਿਹਾਸਕ ਜ਼ੰਗਾਂ ਅਤੇ ਨਿਆਂ ਅਤੇ ਧਰਮ ਲਈ ਕੀਤੀਆਂ ਬਲੀਦਾਨਾਂ ਦੀ ਯਾਦ ਦਿਲਾਉਂਦਾ ਹੈ। ਇਹ ਸਿੱਖਾਂ ਵਿੱਚ ਮਾਣ ਅਤੇ ਏਕਤਾ ਦੀ ਭਾਵਨਾ ਪੈਦਾ ਕਰਦਾ ਹੈ, ਉਨ੍ਹਾਂ ਨੂੰ ਆਪਣੀ ਦਿਨਚਰਿਆ ਵਿੱਚ ਇੱਜ਼ਤ ਅਤੇ ਨਿਸ਼ਕਾਮਤਾ ਵਰਗੀਆਂ ਖੂਬੀਆਂ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ।

**4. ਭਾਈਚਾਰੇ ਦੀ ਏਕਤਾ:**

ਹੋਲਾ ਮਹੱਲਾ ਵੱਖ-ਵੱਖ ਪਿਛੋਕੜਾਂ ਵਾਲੇ ਲੋਕਾਂ ਨੂੰ ਇਕੱਠਾ ਕਰਦਾ ਹੈ, ਜਿਸ ਨਾਲ ਸਾਂਝੀਆਂ ਪਰੰਪਰਾਵਾਂ ਨੂੰ ਮਨਾਉਣ ਅਤੇ ਭਾਈਚਾਰੇਕ ਰਿਸ਼ਤੇ ਮਜ਼ਬੂਤ ਕਰਨ ਦਾ ਮੌਕਾ ਮਿਲਦਾ ਹੈ। ਇਹ ਸਿਰਫ ਸਿੱਖ ਜੰਗੀ ਮਹਾਰਤ ਦੀ ਵਿਰਾਸਤ ਨੂੰ ਸਲਾਮ ਨਹੀਂ ਕਰਦਾ, ਪਰ ਪਰਿਵਾਰਾਂ ਅਤੇ ਭਾਈਚਾਰੇ ਨੂੰ ਇਕੱਠਾ ਹੋਣ ਅਤੇ ਜਸ਼ਨ ਮਨਾਉਣ ਲਈ ਵੀ ਮੌਕਾ ਦਿੰਦਾ ਹੈ।

ਅਸਲ ਵਿੱਚ, ਹੋਲਾ ਮਹੱਲਾ ਸਿਰਫ਼ ਇੱਕ ਤਿਉਹਾਰ ਨਹੀਂ ਹੈ, ਇਹ ਸਿੱਖ ਇਤਿਹਾਸ, ਆਧਿਆਤਮਿਕਤਾ ਅਤੇ ਭਾਈਚਾਰੇ ਦੀ ਮਜ਼ਬੂਤੀ ਦਾ ਪ੍ਰਤੀਕ ਹੈ। ਇਹ ਸਿੱਖ ਜੀਵਨ ਰੂਪ ਦੀਆਂ ਮੁੱਲਾਂ ਨੂੰ ਪ੍ਰੇਰਿਤ ਅਤੇ ਮਜ਼ਬੂਤ ਕਰਨ ਲਈ ਹਰ ਸਾਲ ਮਨਾਇਆ ਜਾਂਦਾ ਹੈ।

**-ਕੁਲਦੀਪ ਸਿੰਘ ਢਿੱਲੋਂ**
**ਅਧਿਆਕਸ਼, ਗੁਰੂ ਨਾਨਕ ਗੁਰਦੁਆਰਾ ਸਮੈਥਵਿਕ**

(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿਖੇ

# ਗੁਰੂ ਨਾਨਕ ਗੁਰਦੁਆਰਾ ਸਮੈਥਿਕ ਨੇ ਮਹਾਨ ਹੋਲਾ ਮੁਹੱਲਾ ਮਨਾਇਆ

**ਹੋਲਾ ਮਹੱਲਾ ਸਿਰਫ ਸਿੱਖ ਜੰਗੀ ਮਹਾਰਤ ਦੀ ਵਿਰਾਸਤ ਨੂੰ ਸਲਾਮ ਨਹੀਂ ਕਰਦਾ, ਪਰ ਪਰਿਵਾਰਾਂ ਅਤੇ ਭਾਈਚਾਰੇ ਨੂੰ ਇਕੱਠਾ ਹੋਣ ਅਤੇ ਜਸ਼ਨ ਮਨਾਉਣ ਲਈ ਵੀ ਮੌਕਾ ਦਿੰਦਾ ਹੈ**












ਆਵਾਜ਼ਿ ਕੌਮ AWAZE QAUM International Newspaper & WEB TV













### ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿਖੇ

# ਗੁਰੂ ਨਾਨਕ ਗੁਰਦੁਆਰਾ ਸਮੈਥਿਕ ਨੇ ਮਹਾਨ ਹੋਲਾ ਮੁਹੱਲਾ ਮਨਾਇਆ

**ਹੋਲਾ ਮਹੱਲਾ ਸਿਰਫ ਸਿੱਖ ਜੰਗੀ ਮਹਾਰਤ ਦੀ ਵਿਰਾਸਤ ਨੂੰ ਸਲਾਮ ਨਹੀਂ ਕਰਦਾ, ਪਰ ਪਰਿਵਾਰਾਂ ਅਤੇ ਭਾਈਚਾਰੇ ਨੂੰ ਇਕੱਠਾ ਹੋਣ ਅਤੇ ਜਸ਼ਨ ਮਨਾਉਣ ਲਈ ਵੀ ਮੌਕਾ ਦਿੰਦਾ ਹੈ**













ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਹਿਮਾਚਲ ਦੇ ਕਾਂਗਰਸੀ ਮੁੱਖ ਮੰਤਰੀ ਸੁੱਖੂ ਪੰਜਾਬ ਤੋਂ ਯਾਤਰਾ 'ਤੇ ਗਏ

# ਨੌਜਵਾਨਾਂ ਦੀ ਸੁਰੱਖਿਆ ਯਕੀਨੀ ਬਣਾਵੇ : ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 17 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਹਿਮਾਚਲ ਪ੍ਰਦੇਸ਼ ਵਿੱਚ ਪੰਜਾਬੀ ਨੌਜਵਾਨਾਂ ਨਾਲ ਸਥਾਨਕ ਲੋਕਾਂ ਅਤੇ ਪੁਲਿਸ ਵੱਲੋਂ ਕੀਤੀਆਂ ਗਈਆਂ ਵਧੀਕੀਆਂ ਦਾ ਸਖ਼ਤ ਨੋਟਿਸ ਲੈਂਦਿਆਂ ਪ੍ਰਦੇਸ਼ ਦੇ ਕਾਂਗਰਸੀ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਪੰਜਾਬ ਤੋਂ ਗਏ ਨੌਜਵਾਨਾਂ ਅਤੇ ਸ਼ਰਧਾਲੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ।

ਉਹਨਾਂ ਕਿਹਾ ਕਿ ਮਣੀਕਰਨ ਸਾਹਿਬ ਤੋਂ ਵਾਪਸ ਪਰਤ ਰਹੇ ਪੰਜਾਬੀ ਨੌਜਵਾਨਾਂ ਨੇ ਕਿਸੇ ਕਾਨੂੰਨ ਦੀ ਕੋਈ ਉਲੰਘਣਾ ਕੀਤੀ ਹੈ ਤਾਂ ਉਹਨਾਂ ਖਿਲਾਫ ਪੁਲਿਸ ਕਾਨੂੰਨੀ ਕਾਰਵਾਈ ਕਰ ਸਕਦੀ ਹੈ ਪਰ ਨਫ਼ਰਤ ਨਾਲ ਭਰੇ ਉਨ੍ਹਾਂ ਲੋਕਾਂ ਨੂੰ ਕੋਈ ਹੱਕ ਨਹੀਂ ਕਿ ਉਹ ਪੁਲਿਸ ਦੀ ਮੌਜੂਦਗੀ ਵਿੱਚ ਪੰਜਾਬੀ ਨੌਜਵਾਨਾਂ ਉੱਤੇ ਹੱਥ ਚੁੱਕ ਲੈਣ। ਉਹਨਾਂ ਕਿਹਾ ਕਿ ਕਾਨੂੰਨ ਸਭ ਲਈ ਬਰਾਬਰ ਹੈ ਅਤੇ ਕਾਨੂੰਨ ਨੂੰ ਆਪਣਾ ਕੰਮ ਕਰਨ ਦੇਣਾ ਚਾਹੀਦਾ ਹੈ। ਉਨ੍ਹਾਂ ਵਧੀਕੀ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਦੀ ਵੀ ਮੰਗ ਕੀਤੀ। ਉਹਨਾਂ ਕਿਹਾ ਕਿ ਹਿਮਾਚਲ ਵਿੱਚ ਕਾਂਗਰਸ ਦੀ ਸਰਕਾਰ ਹੈ ਅਤੇ ਕਾਂਗਰਸ ਨੂੰ ਸਿੱਖ ਨੌਜਵਾਨਾਂ ਪ੍ਰਤੀ ਆਪਣੀ ਸੋਚ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ, ਸਿੱਖ ਨੌਜਵਾਨਾਂ ਨਾਲ ਪਹਿਲਾਂ ਦੀ ਤਰਾਂ ਹੁਣ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਹਿਮਾਚਲ ਵਿੱਚ ਪੰਜਾਬੀ ਨੌਜਵਾਨਾਂ ਨਾਲ ਬਦਸਲੂਕੀ ਕੀਤੀ ਗਈ ਹੋਵੇ। ਇਸ ਤੋਂ ਪਹਿਲਾਂ ਵੀ ਮਾਰਚ 2023 ਦੌਰਾਨ ਗੁਰਦੁਆਰਾ ਸ੍ਰੀ ਮਣੀਕਰਨ ਸਾਹਿਬ ਦੀ ਯਾਤਰਾ 'ਤੇ ਗਏ ਪੰਜਾਬੀਆਂ ਨਾਲ ਉੱਥੋਂ ਦੇ ਸਥਾਨਕ ਬੇਲਗ਼ਾਮ ਸ਼ਰਾਰਤੀ ਲੋਕਾਂ ਵੱਲੋਂ ਦੁਰ ਵਿਵਹਾਰ ਕਰਨ ਤੋਂ ਇਲਾਵਾ ਸ਼ਰੇਆਮ ਗੁੰਡਾਗਰਦੀ 'ਤੇ ਉੱਤਰਦਿਆਂ ਪੰਜਾਬੀਆਂ ਦੀਆਂ ਵਾਹਨਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ। ਉਹਨਾਂ ਕਿਹਾ ਕਿ ਜੇਕਰ ਹਿਮਾਚਲ ਵਿੱਚ ਪੰਜਾਬੀਆਂ ਦੀ ਸੁਰੱਖਿਆ ਨੂੰ ਯਕੀਨ ਨਾ ਬਣਾਇਆ ਗਿਆ ਤਾਂ ਹਿਮਾਚਲ ਦਾ ਵੱਡਾ ਆਰਥਿਕ ਨੁਕਸਾਨ ਹੋਵੇਗਾ, ਕਿਉਂਕਿ ਹਿਮਾਚਲ ਦੀ ਆਮਦਨ ਦਾ ਵੱਡਾ ਸਰੋਤ ਟੂਰਿਜ਼ਮ ਤੋਂ ਹੈ। ਪਿਛਲੇ ਸਮੇਂ ਦੌਰਾਨ ਹਿਮਾਚਲ ਵਿੱਚ ਵਾਪਰੀਆਂ ਅਜਿਹੀਆਂ ਮਾੜੀਆਂ ਘਟਨਾਵਾਂ ਕਾਰਨ ਪੰਜਾਬ ਅਤੇ ਦਿੱਲੀ ਦੇ ਲੋਕਾਂ ਨੇ ਹਿਮਾਚਲ ਨੂੰ ਛੱਡ ਕੇ ਜੰਮੂ ਕਸ਼ਮੀਰ ਜਾਂ ਕਿਤੇ ਔਰ ਪਹਾੜੀ ਰਾਜਾਂ ਵਿੱਚ ਜਾਣ ਨੂੰ ਪਹਿਲ ਦਿੱਤੀ।

ਉਹਨਾਂ ਪੰਜਾਬ ਦੇ ਨੌਜਵਾਨਾਂ ਨੂੰ ਵੀ ਸਲਾਹ ਦਿੱਤੀ ਕਿ ਉਹ ਦੂਜੇ ਸੂਬਿਆਂ ਵਿੱਚ ਜਾ ਕੇ ਉੱਥੋਂ ਦੇ ਸਥਾਨਕ ਲੋਕਾਂ ਦੀਆਂ ਭਾਵਨਾਵਾਂ ਨੂੰ ਵੀ ਸਮਝਣ ਅਤੇ ਕਿਸੇ ਤਰਾਂ ਦਾ ਤਣਾਓ ਪੈਦਾ ਕਰਨ ਦੀ ਥਾਂ ਕਾਨੂੰਨ ਦਾ ਪਾਲਣ ਕਰਨ। ਉਨ੍ਹਾਂ ਕਿਹਾ ਕਿ ਯਾਤਰੂਆਂ ਨੂੰ ਆਪਣੀਆਂ ਸਵਾਰੀਆਂ ਮੋਟਰਸਾਈਕਲ ਜਾਂ ਗੱਡੀਆਂ ਲਈ ਆਚਾਰ ਸੰਹਿਤਾ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਟਕਰਾਓ ਤੋਂ ਬਚਣ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਥਾਨਕ ਲੋਕਾਂ ਅਤੇ ਸ਼ਰਧਾਲੂਆਂ ਵਿੱਚ ਝੜਪ ਹੋਣੀ ਮਾੜੀ ਗੱਲ ਹੈ, ਪਰ ਕਿਸੇ ਵੀ ਘਟਨਾ ਨੂੰ ਕਿਸੇ ਤਰ੍ਹਾਂ ਵੀ ਫ਼ਿਰਕੂ ਰੰਗਤ ਨਹੀਂ ਦਿੱਤੀ ਜਾਣੀ ਚਾਹੀਦੀ। ਕੁਝ ਲੋਕ ਪੰਜਾਬ ਦੇ ਨੌਜਵਾਨਾਂ ਪ੍ਰਤੀ ਨਫ਼ਰਤ ਪਾਲੀ ਬੈਠੇ ਹਨ, ਜਦੋਂ ਕਿ ਪੰਜਾਬ ਅਤੇ ਪੰਜਾਬ ਦੇ ਨੌਜਵਾਨ ਪੱਕੇ ਰਾਸ਼ਟਰਵਾਦੀ ਹਨ। ਪੰਜਾਬੀ ਭਾਈਚਾਰਕ ਸਾਂਝ ਦੀ ਮੁੱਦਈ ਹਨ ਅਤੇ ਉਨ੍ਹਾਂ ਦੂਜੇ ਸੂਬਿਆਂ ਦੀ ਹਰ ਔਖੇ ਸਮੇਂ ਮਦਦ ਕੀਤੀ ਹੈ।

**ਜੇਕਰ ਪੰਜਾਬੀ ਨੌਜਵਾਨਾਂ ਨੇ ਕੋਈ ਅਵੱਗਿਆ ਕੀਤੀ ਤਾਂ ਕਾਨੂੰਨ ਆਪਣਾ ਕੰਮ ਕਰੇਗਾ, ਪਰ ਕਿਸੇ ਨੂੰ ਵੀ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦਾ ਹੱਕ ਨਹੀਂ**

ਆਵਾਜ਼ਿ ਕੌਮ AWAZE QAUM International Newspaper & WEB TV

### ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ—ਮਰਿਯਾਦਾ, ਸਿਧਾਂਤ ਤੇ ਵਿਧੀ ਵਿਧਾਨ ਦਾ

# ਘਾਣ ਕਰਨ ਵਾਲੀਆਂ ਸ਼ਕਤੀਆਂ ਵਿਰੁੱਧ ਪ੍ਰਗਟਾਇਆ ਰੋਸ



**ਫ਼ਿਰੋਜ਼ਪੁਰ, 17 ਮਾਰਚ (ਮਨੋਹਰ ਲਾਲ)** :— ਸਿੱਖ ਜਥੇਬੰਦੀਆਂ ਦੇ ਹੋਏ ਇਕੱਤਰ ਗੁਰਦੁਆਰਾ ਪਿੰਡ ਵਾਹਕਾ ਮੋੜ ਫ਼ਿਰੋਜ਼ਪੁਰ ਵਿਖੇ ਹੋਈ, ਜਿਸ ਵਿਚ ਇਲਾਕੇ ਦੀਆਂ ਸਿੱਖ ਸੰਗਤਾਂ, ਸਿੱਖ ਜਥੇਬੰਦੀਆਂ ਅਤੇ ਕਿਸਾਨਾਂ ਵੱਲੋਂ ਸਿੱਖਾਂ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਦੀ ਮਾਣ ਮਰਿਯਾਦਾ, ਸਿਧਾਤਾਂ ਅਤੇ ਵਿਧੀ ਵਿਧਾਨ ਦਾ ਘਾਣ ਕਰਨ ਵਾਲੀਆਂ ਸ਼ਕਤੀਆਂ ਵਿਰੁੱਧ ਪੰਜ ਸਿੰਘਾਂ ਦੀ ਅਗਵਾਈ ਹੇਠ ਮਤੇ ਪਾਸ ਕੀਤੇ ਗਏ। ਮੀਟਿੰਗ ਵਿਚ ਸਰਬਸੰਮਤੀ ਨਾਲ ਨਿਰਣਾ ਲਿਆ ਗਿਆ ਕਿ ਜਿਹੜਾ ਸਿੱਖ ਅੱਜ ਪੰਥ ਦੇ ਆਉਂਦੇ ਹਨ, ਪਰ ਸ੍ਰੀ ਅਕਾਲ ਤਖਤ ਸਾਹਿਬ ਦੇ ਸਿਧਾਤਾਂ, ਮਰਿਆਦਾ ਪਰਮਪਰਾਵਾਂ ਦੀ ਗੱਲ ਨਹੀਂ ਕਰਦਾ, ਕੇਵਲ ਇਕ ਧੜੇ ਦੀ ਗੱਲ ਕਰਦਾ ਹੈ, ਆਉਣ ਵਾਲੇ ਸਮੇਂ ਵਿਚ ਸੰਗਤਾਂ ਉਨ੍ਹਾਂ ਦਾ ਸਮਾਜਿਕ ਬਾਈਕਾਟ ਕਰਨਗੀਆਂ। ਜਥੇਬੰਦੀਆਂ ਨੇ ਇਹ ਵੀ ਪਾਸ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਣਅਧਿਕਾਰਤ ਕਬਜ਼ਾ ਕਰਨ ਵਾਲੀ ਧਿਰ ਅੰਤ੍ਰਿਗ ਕਮੇਟੀ ਵੱਲੋਂ ਸਿੱਖ ਸਿਧਾਤਾਂ, ਮਰਿਆਦਾ ਅਤੇ ਵਿਸ਼ਵ ਦੇ ਸਿੱਖਾਂ ਦੀਆਂ ਭਾਵਨਾਵਾਂ ਵਿਰੁੱਧ ਲਏ ਗਏ ਫੈਸਲਿਆਂ ਨੂੰ ਰੱਦ ਕਰਦੀ ਹੈ ਅਤੇ ਅੱਜ ਦੀ ਇਕੱਤਰਤਾ ਸਮੂਹ ਸਾਧ ਸੰਗਤ, ਸਿੱਖ ਜਥੇਬੰਦੀਆਂ, ਸੰਪਰਦਾਵਾਂ, ਟਕਸਾਲਾਂ, ਸਮਾਜ ਸੇਵੀ ਸੰਸਥਾਵਾਂ, ਸੰਤ ਸਮਾਜ ਨੂੰ ਬੇਨਤੀ ਕਰਦੀ ਹੈ ਕਿ ਆਪਸੀ ਮਤਭੇਦ ਨੂੰ ਤਿਆਗ ਕੇ ਧੜੇਬੰਦੀ—ਪਾਰਟੀਬਾਜੀ ਤੋਂ ਉਪਰ ਉਠ ਕੇ ਸਿੱਖ ਸਿਧਾਤਾਂ, ਮਰਿਆਦਾ, ਪਰਪਰਾਵਾਂ, ਗੁਰਧਾਮਾਂ ਦੀ ਰਾਖੀ ਲਈ ਸਿੱਖ ਵਿਰੋਧੀ ਤਾਕਤਾਂ ਦਾ ਡੱਟ ਕੇ ਮੁਕਾਬਲਾ ਕੀਤਾ ਜਾਵੇ ਅਤੇ ਸਿੱਖ ਸੰਸਥਾਵਾਂ ਦਾ ਪ੍ਰਬੰਧ ਯੋਗ ਸਿੱਖਾਂ ਦੇ ਹੱਥਾਂ ਵਿਚ ਲਿਆਉਣ ਲਈ ਢੁੱਕਵੀਂ ਵਿਉਂਤਬੰਦੀ ਕੀਤੀ ਜਾਵੇ। ਇਸ ਮੌਕੇ ਸਿੱਖ ਜਥੇਬੰਦੀਆਂ ਦੇ ਸਮੂਹ ਆਗੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬਾਨ ਵੱਲੋਂ 2 ਫਰਵਰੀ ਨੂੰ ਲਏ ਗਏ ਫੈਸਲਿਆਂ ਤੇ ਡੱਟ ਕੇ ਪਹਿਰਾ ਦੇਣ ਦਾ ਐਲਾਨ ਕੀਤਾ। ਇਸ ਮੌਕੇ ਡਾ: ਮੁਖਤਿਆਰ ਸਿੰਘ ਨੇ ਬੋਲਦਿਆਂ ਕਿਹਾ ਕਿ ਅੱਜ ਐਡਾ ਵੱਡਾ ਇਕੱਠ ਇਹ ਦੱਸ ਰਿਹਾ ਹੈ ਕਿ ਇਹ ਜ਼ੋ ਕੁਝ ਹੋਇਆ ਹੈ ਗਲਤ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਜਲਦੀ ਫ਼ਿਰੋਜ਼ਪੁਰ ਜ਼ਿਲ੍ਹੇ ਦੀ ਪੰਜ ਮੈਂਬਰੀ ਕਮੇਟੀ ਬਨਾਵਾਂਗੇ ਅਤੇ ਉਸ ਤੋਂ ਬਾਅਦ ਬਲਾਕ ਪੱਧਰ ਤੇ ਕਮੇਟੀਆਂ ਬਨਾਈਆਂ ਜਾਣਗੀਆਂ। ਇਸ ਤੋਂ ਇਲਾਵਾ ਅਸੀਂ ਹਰ ਸ਼ਹਿਰ, ਹਰ ਕਸਬੇ ਵਿਚ ਮੀਟਿੰਗਾਂ ਕਰਕੇ ਇਨ੍ਹਾਂ ਬਰਖਿਲਾਫ ਆਵਾਜ਼ ਬੁਲੰਦ ਕਰਾਂਗੇ ਅਤੇ ਹੁਣ ਅਸੀਂ ਛੇਤੀ ਹੀ ਮੱਖੂ ਵਿਚ ਮੀਟਿੰਗ ਕਰਾਂਗੇ। ਇਸ ਮੌਕੇ ਤੇ ਡਾ: ਮੁਖਤਿਆਰ ਸਿੰਘ ਨੇ ਅੱਗੇ ਕਿਹਾ ਕਿ ਸਾਡੇ ਅਕਾਲ ਤਖਤ ਸਾਹਿਬ ਜੀ ਦੀ ਮਾਣ ਮਰਿਯਾਦਾ ਬਹਾਲ ਕਰਨ ਲਈ ਸਾਨੂੰ ਤਕੜੇ ਹੋ ਕੇ ਇਕ ਪਲੇਟ ਫਾਰਮ ਤੇ ਇਕੱਠੇ ਹੋ ਕੇ ਸੰਘਰਸ਼ ਕਰੀਏ ਅਤੇ ਬਾਦਲ ਜੁੰਡਲੀ ਨੂੰ ਭਜਾਈਏ ਅਤੇ ਸ੍ਰੀ ਅਕਾਲ ਤਖਤ ਸਾਹਿਬ ਜਿਹੜੀ ਕਿ ਸਿੱਖ ਪੰਥ ਦੀ ਸਿਰਮੌਰ ਸੰਸਥਾ ਹੈ, ਦੀ ਮਾਣ ਮਰਿਯਾਦਾ ਬਹਾਲ ਕਰ ਸਕੀਏ ਅਤੇ ਆਉਣ ਵਾਲੇ ਸਮੇਂ ਵਿਚ ਪੰਥ ਦਰਦੀ ਸ਼੍ਰੋਮਣੀ ਕਮੇਟੀ ਮੈਂਬਰ ਬਣਾਈਏ। ਇਸ ਮੌਕੇ ਤੇ ਸਾਰਿਆਂ ਨੇ ਹੱਥ ਖੜ੍ਹੇ ਕਰਕੇ ਭਰੋਸਾ ਦਿੱਤਾ ਕਿ ਅਸੀਂ ਪੰਥ ਵਿਰੋਧੀ ਤਾਕਤਾਂ ਦਾ ਸਫਾਇਆ ਕਰਕੇ ਹੀ ਸਾਹ ਲਵਾਂਗੇ। ਇਸ ਮੌਕੇ ਤੇ ਸਟੇਜ਼ ਦੀ ਸੇਵਾ ਡਾਕਟਰ ਮੁਖਤਿਆਰ ਸਿੰਘ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ।

ਇਸ ਮੌਕੇ ਪੰਥਕ ਏਕਤਾ ਦੀ ਪ੍ਰਧਾਨਗੀ ਡਾ: ਮੁਖਤਿਆਰ ਸਿੰਘ ਅਤੇ ਜਥੇਦਾਰ ਬਾਬਾ ਬਲਕਾਰ ਸਿੰਘ ਇਲਮੇਵਾਲਾ ਕਲਗੀਧਰ ਸੰਚਾਰ ਜਥਾ ਵੱਲੋਂ ਕੀਤੀ ਗਈ। ਇਸ ਮੌਕੇ ਤੇ ਵੱਖ—ਵੱਖ ਬੁਲਾਰਿਆਂ ਜਿਨ੍ਹਾਂ ਵਿਚ ਭਾਈ ਪ੍ਰਗਟ ਸਿੰਘ ਵਾਹਕੇ, ਭਾਈ ਹਰਜਿੰਦਰ ਸਿੰਘ, ਭਾਈ ਜ਼ਸਪਾਲ ਸਿੰਘ, ਭਾਈ ਬਲਜਿੰਦਰ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਬਲਕਾਰ ਸਿੰਘ ਇਲਮੇਵਾਲਾ ਕਲਗੀਧਰ ਸੰਚਾਰ ਜਥਾ, ਸਰਪੰਚ ਪ੍ਰਗਟ ਸਿੰਘ, ਅਜੈਬ ਸਿੰਘ ਫੂਡ ਸਪਲਾਈ, ਭਾਈ ਰੇਸ਼ਮ ਸਿੰਘ, ਭਾਈ ਹਜ਼ਾਰਾ ਸਿੰਘ, ਇੰਦਰਪਾਲ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਪੁਲਿਸ ਵੱਲੋਂ ਫੌਜੀ ਕਰਨਲ ਅਤੇ ਉਸ ਦੇ ਪੁੱਤਰ ਦੀ ਬੇਰਹਿਮੀ ਨਾਲ ਕੁੱਟਮਾਰ: 'ਅਣਪਛਾਤੇ ਵਿਅਕਤੀਆਂ' ਖ਼ਿਲਾਫ਼ ਐਫਆਈਆਰ ਦਰਜ ਕਰਨਾ ਨਿਆਂ ਦਾ ਮਖੌਲ - ਖਹਿਰਾ



ਸੀਨੀਅਰ ਪੰਜਾਬੀ ਆਗੂ ਸੁਖਪਾਲ ਸਿੰਘ ਖਹਿਰਾ, ਵਿਧਾਇਕ ਅਤੇ ਸਾਬਕਾ ਨੇਤਾ ਵਿਰੋਧੀ ਧਿਰ ਨੇ ਪੰਜਾਬ ਪੁਲਿਸ ਅਧਿਕਾਰੀਆਂ ਵੱਲੋਂ ਇੱਕ ਫੌਜੀ ਕਰਨਲ ਅਤੇ ਉਸ ਦੇ ਪੁੱਤਰ ਦੀ ਬੇਰਹਿਮੀ ਨਾਲ ਕੁੱਟਮਾਰ ਦੀ ਘਟਨਾ ਦੀ ਤਿੱਖੀ ਨਿੰਦਾ ਕੀਤੀ ਹੈ। ਉਨ੍ਹਾਂ ਇਸ ਨੂੰ ਭਗਵੰਤ ਮਾਨ ਸਰਕਾਰ ਹੇਠ ਪੰਜਾਬ 'ਚ ਕਾਇਦੇ-ਕਾਨੂੰਨ ਦੀ ਨਕ ਦਾ ਹੋਰ ਇੱਕ ਸਾਖ਼ ਪੇਸ਼ ਕਰਾਰ ਦਿੱਤਾ। ਹਾਲਾਂਕਿ ਪੁਲਿਸ ਅਧਿਕਾਰੀ ਇਸ ਹਮਲੇ 'ਚ ਸਿੱਧਾ ਸ਼ਾਮਲ ਸਨ, ਪਰ ਫਿਰ ਵੀ ਐਫਆਈਆਰ 'ਅਣਪਛਾਤੇ ਵਿਅਕਤੀਆਂ' ਖ਼ਿਲਾਫ਼ ਦਰਜ ਕਰ ਦਿੱਤੀ ਗਈ ਹੈ, ਜੋ ਕਿ ਨਿਆਂ ਦਾ ਸਿਰੇ ਤੋਂ ਮਖੌਲ ਹੈ ਅਤੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਬਚਾਉਣ ਦੀ ਕੋਸ਼ਿਸ਼ ਹੈ। ਖਹਿਰਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਭਗਵੰਤ ਮਾਨ ਨੇ ਪੰਜਾਬ ਨੂੰ ਇੱਕ ਪੁਲਿਸ ਰਾਜ 'ਚ ਬਦਲ ਦਿੱਤਾ ਹੈ, ਜਿੱਥੇ ਹਿਰਾਸਤੀ ਯਾਤਨਾ, ਪੁਲਿਸ ਦੀ ਮਨਮਾਨੀ ਅਤੇ ਲੋਕਾਂ ਦੇ ਮੂਲ ਅਧਿਕਾਰਾਂ ਦੀ ਦਬਾਹਟ ਆਮ ਗੱਲ ਬਣ ਗਈ ਹੈ। ਉਨ੍ਹਾਂ ਕਿਹਾ, "ਮੈਂ ਕਈ ਵਾਰ ਚੇਤਾਵਨੀ ਦਿੱਤੀ ਹੈ ਕਿ ਭਗਵੰਤ ਮਾਨ ਪੰਜਾਬ ਨੂੰ ਇਕ ਤਾਨਾਸ਼ਾਹੀ ਰਾਜ ਵਜੋਂ ਚਲਾ ਰਿਹਾ ਹੈ, ਜਿੱਥੇ ਪੁਲਿਸ ਦੀ ਬੇਲਾਗ ਜਬਰਸ਼ਾਹੀ ਹੋ ਰਹੀ ਹੈ। ਹੁਣ ਤਾਂ ਹਾਲਾਤ ਇਨ੍ਹਾਂ ਤੱਕ ਪਹੁੰਚ ਗਏ ਹਨ ਕਿ ਇੱਥੇ ਫੌਜ ਦੇ ਸੀਨੀਅਰ ਅਧਿਕਾਰੀ ਅਤੇ ਉਨ੍ਹਾਂ ਦੇ ਪਰਿਵਾਰ ਵੀ ਸੁਰੱਖਿਅਤ ਨਹੀਂ।"

ਤੁਰੰਤ ਅਤੇ ਸਖਤ ਕਾਰਵਾਈ ਦੀ ਮੰਗ ਕਰਦਿਆਂ, ਖਹਿਰਾ ਨੇ ਸਪੱਸ਼ਟ ਕੀਤਾ ਕਿ ਸਿਰਫ਼ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਮੁਅੱਤਲ (ਸਸਪੈਂਡ) ਕਰ ਦੇਣਾ ਨਿਆਂ ਨਹੀਂ ਹੈ। "ਇਹ ਸਿਰਫ਼ ਲੋਕਾਂ ਦੀ ਅੱਖਾਂ 'ਚ ਧੂਲ ਪਾਉਣ ਦੀ ਕੋਸ਼ਿਸ਼ ਹੈ। ਦੋਸ਼ੀ ਪੁਲਿਸ ਅਧਿਕਾਰੀ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ, ਉਨ੍ਹਾਂ 'ਤੇ ਸਬੰਧਤ ਫੌਜਦਾਰੀ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਪੁਲਿਸ ਕਿਸੇ ਵੀ ਹਾਲਤ 'ਚ ਸੱਤਾ ਧਾਰੀਆਂ ਦੀ ਨਿੱਜੀ ਮਿਲਿਸ਼ੀਆ ਵਜੋਂ ਕੰਮ ਨਹੀਂ ਕਰ ਸਕਦੀ," ਉਨ੍ਹਾਂ ਨੇ ਕਿਹਾ। ਖਹਿਰਾ ਨੇ ਇਸ ਗੱਲ 'ਤੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ ਕਿ ਕਰਨਲ ਦੇ ਪੁੱਤਰ 'ਤੇ ਵੀ ਹਮਲਾ ਕੀਤਾ ਗਿਆ, ਜਿਸ ਨੂੰ ਉਨ੍ਹਾਂ ਇੱਕ ਸ਼ਰਮਨਾਕ ਅਤੇ ਅਮਾਨਵੀ ਘਟਨਾ ਕਰਾਰ ਦਿੱਤਾ। "ਇਹ ਸਿਰਫ਼ ਦੋ ਵਿਅਕਤੀਆਂ 'ਤੇ ਹਮਲਾ ਨਹੀਂ, ਬਲਕਿ ਇਹ ਹਰ ਪੰਜਾਬੀ ਦੀ ਇੱਜ਼ਤ ਅਤੇ ਸੁਰੱਖਿਆ 'ਤੇ ਹਮਲਾ ਹੈ। ਜੇਕਰ ਫੌਜ ਦੇ ਇੱਕ ਅਧਿਕਾਰੀ ਅਤੇ ਉਸਦੇ ਪਰਿਵਾਰ ਨੂੰ ਵੀ ਪੁਲਿਸ ਦੀ ਜਬਰਸ਼ਾਹੀ ਦਾ ਸ਼ਿਕਾਰ ਬਣਾਇਆ ਜਾ ਸਕਦਾ ਹੈ, ਤਾਂ ਆਮ ਲੋਕਾਂ ਦੀ ਹਾਲਤ ਕੀ ਹੋਵੇਗੀ?" ਉਨ੍ਹਾਂ ਨੇ ਪੁੱਛਿਆ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਇਸ ਮਾਮਲੇ 'ਚ ਨਿਆਂ ਨਹੀਂ ਮਿਲਿਆ ਤਾਂ ਇਹ ਇੱਕ ਖਤਰਨਾਕ ਉਦਾਹਰਨ ਸੈੱਟ ਕਰੇਗਾ, ਜਿਸ ਨਾਲ ਲੋਕਾਂ ਦਾ ਕਾਨੂੰਨ 'ਤੇ ਭਰੋਸਾ ਘੱਟੇਗਾ। "ਪੰਜਾਬ ਦੇ ਲੋਕ ਇੰਨੀ ਵੱਡੀ ਨਾਇਨਸਾਫ਼ੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਅਸੀਂ ਨਿਆਂ ਲਈ ਲੜਾਂਗੇ ਅਤੇ ਦੋਸ਼ੀਆਂ ਨੂੰ ਸਜ਼ਾ ਦਿਲਵਾ ਕੇ ਹੀ ਰਹਾਂਗੇ," ਖਹਿਰਾ ਨੇ ਘੋਸ਼ਣਾ ਕੀਤੀ।

ਉਨ੍ਹਾਂ ਨੇ ਪੰਜਾਬ ਦੇ ਰਾਜਪਾਲ ਅਤੇ ਕੇਂਦਰੀ ਸਰਕਾਰ ਨੂੰ ਹਿੱਸਾ ਲੈਣ ਅਤੇ ਨਿਆਂ ਯਕੀਨੀ ਬਣਾਉਣ ਦੀ ਮੰਗ ਕੀਤੀ, ਜਦਕਿ ਚੇਤਾਵਨੀ ਦਿੱਤੀ ਕਿ ਜੇਕਰ ਦੋਸ਼ੀ ਪੁਲਿਸ ਅਧਿਕਾਰੀ ਬਚਾਏ ਗਏ, ਤਾਂ ਇਹ ਅਗਲੇ ਦਿਨਾਂ 'ਚ ਹੋਰ ਅਤਿਆਚਾਰਾਂ ਨੂੰ ਹੌਸਲਾ ਦੇਣ ਵਾਲੀ ਗੱਲ ਹੋਵੇਗੀ।

**-ਸੁਖਪਾਲ ਸਿੰਘ ਖਹਿਰਾ, ਵਿਧਾਇਕ**

ਆਵਾਜ਼ਿ ਕੌਮ AWAZE QAUM International Newspaper & WEB TV

# ਡਰਨਾ ਤੇ ਸਤਿਕਾਰ ਦੇਣਾ ਦੋਵੇਂ ਗੱਲਾਂ 'ਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ

ਉਹਨਾਂ ਦਾ ਔਖਾ ਜਿਨਾਂ ਨੇ ਇਹ ਵਹਿਮ ਪਾਂਲ ਲਿਆ ਕਿ ਜੀ ਜੀ ਕਰੀ ਜਾਂਦਾ, ਖਨੀ ਡਰਦਾ ਹੀ ਆ ਆਜ਼ਾਦ ਪਰਿੰਦਿਆਂ ਨੂੰ ਦੁਨਿਆਵੀ ਛੋਟੇ ਵੱਡੇ ਕੰਮ ਤੇ ਅਹੁਦੇ ਹੋਣ ਨਾਲ ਜਾਂ ਨਾ ਹੁਣ ਨਾਲ ਫਰਕ ਨਹੀਂ ਪੈਂਦਾ ਪਰਿੰਦੇ ਹਮੇਸ਼ਾ ਕੁਦਰਤ ਦੀ ਗੋਦ ਦੇ ਵਿੱਚ ਬਾਵਾਂ ਖਲਾਰ ਕੇ ਕਾਇਨਾਤ ਨਾਲ ਗੱਲਾਂ ਕਰਨ ਦੇ ਆਦੀ ਹੁੰਦੇ ਨੇ ਪਰ ਅਣਸਰਦੇ ਨੂੰ ਅੱਕ ਚੱਬਣਾ ਜ਼ੂਰ ਜਾਣਦੇ ਨੇ ਚੰਗੀ ਗੱਲ ਹੈ ਜੇ ਕੋਈ ਇੱਜਤ ਦਿੰਦਾ ਤਾਂ ਇੱਜਤ ਲੈ ਲੈਣੀ ਚਾਹੀਦੀ ਆ ਇਹ ਜ਼ੂਰੀ ਨਹੀਂ ਹੁੰਦਾ ਜਿਹੜੀ ਦੌੜ ਤੁਸੀਂ ਦੌੜ ਰਹੇ ਹੋ, ਉਹੀ ਦੌੜ ਸਾਹਮਣੇ ਵਾਲਾ ਵੀ ਦੌੜ ਰਿਹਾ ਹੋਵੇ, ਕੀ ਪਤਾ ਸਾਹਮਣੇ ਵਾਲਾ ਉਸ ਦੌੜ ਦਾ ਹਿੱਸਾ ਹੀ ਨਾ ਹੋਵੇ । ਜਿੱਥੇ ਸਾਹਮਣੇ ਵਾਲਾ ਦੌੜ ਦਾ ਹਿੱਸਾ ਨਾ ਹੋਵੇ ਉੱਥੇ ਜਿੱਤ ਹਾਰ ਕੋਈ ਮਹਿਨੇ ਨਹੀਂ ਰੱਖਦੀ । ਨਾਲੇ ਉਹਨਾਂ ਨਾਲ ਬਹਿਸ ਕਰਨ ਦਾ ਕੀ ਫਾਇਦਾ ਜਿਨਾਂ ਦੀ ਸੋਚ ਤੇ ਸਮਝ ਕਿਸੇ ਲਿਮਟ ਤੇ ਦਾਇਰੇ ਤੱਕ ਹੁੰਦੀ ਆ । ਮੁਕਾਬਲਾ ਤਾਂ ਉੱਥੇ ਬਰਾਬਰ ਦਾ ਮੰਨਿਆ ਜਾਂਦਾ ਜਿੱਥੇ ਦੋ ਬਰਾਬਰ ਦੀ ਮਾਨਸਿਕਤਾ ਦੇ ਵਿੱਚ ਵਿਚਾਰ ਹੋਵੇ । ਉਹਨਾਂ ਨਾਲ ਵਿਚਾਰਾਂ ਦਾ ਕੀ ਮੁਕਾਬਲਾ ਕਰਨਾ ਜਿਨਾਂ ਦੀ ਸੋਚ ਸਮਝ ਤੇ ਮਾਨਸਿਕਤਾ ਕਿਸੇ ਲਿਮਟ ਅਤੇ ਦਾਇਰੇ ਵਿੱਚ ਹੋਵੇ ਕਿਉਂਕਿ ਲਿਮਟਾਂ ਤੇ ਦਾਇਰੇ ਖਤਮ ਹੋਣ ਤੋਂ ਬਾਅਦ ਸੋਚਣ ਵਾਲੇ ਮਨੁੱਖ ਅਕਸਰ ਇਸ ਤਰ੍ਹਾਂ ਦੀ ਹੋਛੀ ਮਾਨਸਿਕਤਾ ਤੋਂ ਮੁਕਾਬਲਾ ਕਰਨ ਤੋਂ ਟਾਲਾ ਵੱਟ ਦੇ ਹੀ ਨਜ਼ਰ ਆਉਂਦੇ ਨੇ । ਇਹ ਜ਼ੂਰੀ ਨਹੀਂ ਮੇਰੀਆਂ ਲਿਖੀਆਂ ਇਹ ਸਤਰਾਂ ਹਰੇਕ ਦੇ ਖਾਨੇ ਪੈਣ । ਇਨਾ ਸਤਰਾਂ ਦੀ ਪਰਿਭਾਸ਼ਾ ਨੂੰ ਸਮਝਣ ਵਾਸਤੇ ਲਿਮਟਾਂ ਤੇ ਦਾਇਰੇ ਟੱਪ ਕੇ ਆਉਣਾ ਪੈਣਾ । ਜੋ ਕਿ ਸਮੁੱਚਤਾ ਦੇ ਵਿੱਚ ਨਾ ਮੁਮਕਿਨ ਹੈ ।

**-ਪਰਗਟ ਸਿੰਘ ਬਲਬੇੜਾ, 9022000070**

ਆਵਾਜ਼ਿ ਕੌਮ AWAZE QAUM International Newspaper & WEB TV

# ਓਲੰਪੀਅਨ ਬਲਵਿੰਦਰ ਸਿੰਘ ਸ਼ੰਮੀ ਵਲੋ ਗੋਲਡ ਮੈਡਲ ਜੇਤੂ ਖਿਡਾਰਨਾ ਸਨਮਾਨਿਤ



**ਚੌਕ ਮਹਿਤਾ, 17 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਓਲੰਪੀਅਨ ਬਲਵਿੰਦਰ ਸਿੰਘ ਸ਼ੰਮੀ ਇੰਡੀਅਨ ਹਾਕੀ ਸਲੈਕਟਰ ਜੋ ਕਿ ਹਾਕੀ ਇੰਡੀਆ ਸਲਾਨਾ ਅਵਾਰਡ ਫੰਕਸ਼ਨ ਵਿੱਚ ਗੋਲਡ ਮੈਡਲ ਵਿਨਿੰਗ ਇੰਡੀਅਨ ਵੂਮਨ ਹਾਕੀ ਟੀਮ ਏਸ਼ੀਅਨ ਚੈਂਪੀਅਨਸ ਟਰਾਫੀ ਰਾਏਗਿਰੀ ਬਿਹਾਰ 2024 ਵਿੱਚ ਹੋਈਆਂ ਸੀ ਉਸ ਟੀਮ ਦੀ ਖਿਡਾਰਨਾ ਨੂੰ ਸਨਮਾਨਿਤ ਕਰਦੇ ਹੋਏ ਓਲੰਪੀਅਨ ਸ਼ੰਮੀ ਜੀ ਇਸ ਸਮੇਂ ਹਾਕੀ ਇੰਡੀਆ ਦੇ ਸਲੈਕਟਰ ਵਜੋਂ ਸੇਵਾਵਾਂ ਨਿਭਾ ਰਹੇ ਹਨ ਅਤੇ ਨਾਲ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਹਾਕੀ ਅਕੈਡਮੀ ਅੰਮ੍ਰਿਤਸਰ ਨੂੰ ਵੀ ਚਲਾ ਰਹੇ ਹਨ ਜਿਸ ਵਿੱਚੋਂ ਕਿ ਤਿੰਨ ਹਾਕੀ ਦੇ ਓਲੰਪੀਅਨ ਰਮਨਦੀਪ ਸਿੰਘ ਸ਼ਮਸ਼ੇਰ ਸਿੰਘ ਦਿਲਪ੍ਰੀਤ ਸਿੰਘ ਅਤੇ ਅਨੇਕਾਂ ਨੈਸ਼ਨਲ ਪੱਧਰ ਤੇ ਖਿਡਾਰੀਆਂ ਨੇ ਇਸ ਅਕੈਡਮੀ ਦਾ ਨਾਮ ਰੋਸ਼ਨ ਕੀਤਾ ਹੈ ਤੇ ਵੱਖ ਵੱਖ ਖੇਤਰ ਵਿੱਚ ਸੇਵਾਵਾਂ ਨਿਭਾ ਰਹੇ ਹਨ ਜੋ ਕਿ ਓਲੰਪੀਅਨ ਬਲਵਿੰਦਰ ਸਿੰਘ ਸੰਮੀ ਲਈ ਬੜੇ ਹੀ ਮਾਣ ਵਾਲੀ ਗੱਲ ਹੈ ਕਿ ਮਾਝੇ ਦੀ ਧਰਤੀ ਤੋਂ ਹਾਕੀ ਦੇ ਖਿਡਾਰੀ ਅਤੇ ਖਿਡਾਰਨਾ ਨਾਮ ਰੋਸ਼ਨ ਕਰ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਕੱਲ 18 ਮਾਰਚ 2025 ਦਿਨ ਮੰਗਲਵਾਰ ਨੂੰ ਅੰਤਿਮ ਅਰਦਾਸ 'ਚ ਸ਼ਾਮਿਲ ਹੋਣ ਦੀ ਅਪੀਲ

ਆਪ ਸਭ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਸਾਡੇ ਪੂਜਨੀਕ



## ਮਾਤਾ ਬਲਦੇਵ ਕੌਰ ਜੀ

(ਪਤਨੀ ਸਵ: ਨਛੱਤਰ ਸਿੰਘ ਬਰਾੜ)

**ਮਿਤੀ 09 ਮਾਰਚ 2025 ਦਿਨ ਐਤਵਾਰ**

ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਅਕਾਲ ਚਲਾਨਾ ਕਰ ਗਏ ਹਨ।
ਉਹਨ੍ਹਾਂ ਦੀ ਆਤਮਿਕ ਸ਼ਾਂਤੀ ਲਈ

## ਅੰਤਿਮ ਅਰਦਾਸ

**ਮਿਤੀ 18 ਮਾਰਚ 2025 ਦਿਨ ਮੰਗਲਵਾਰ**

**ਸਮਾਂ : ਦੁਪਹਿਰ 12 ਵਜੇ**

**ਸਥਾਨ: ਗੁਰਦੁਆਰਾ ਸਾਹਿਬ, ਥਰਮਲ ਕਲੋਨੀ, ਬਠਿੰਡਾ ਵਿਖੇ ਹੋਵੇਗੀ**

### ਦੁਖੀ ਹਿਰਦੇ

ਬਲਜਿੰਦਰ ਕੌਰ - ਗੁਰਦੀਪ ਸਿੰਘ ਬਠਿੰਡਾ (ਨੂੰਹ-ਪੁੱਤਰ)
ਪ੍ਰਧਾਨ ਯੂਨਾਈਟਿਡ ਅਕਾਲੀ ਦਲ
ਸੁਰਿੰਦਰ ਕੌਰ - ਕੁਲਵੰਤ ਸਿੰਘ (ਨੂੰਹ-ਪੁੱਤਰ)
ਸਾਬਕਾ ਪੰਚਾਇਤ ਅਫਸਰ
ਸਵਰਨਜੀਤ ਕੌਰ - ਗੁਰਬਿੰਦਰ ਸਿੰਘ (ਪੋਤਨੂੰਹ-ਪੋਤਰਾ)
ਮਨਿੰਦਰ ਕੌਰ - ਯਾਦਵਿੰਦਰ ਸਿੰਘ (ਪੋਤਨੂੰਹ-ਪੋਤਰਾ)
ਗਗਨਦੀਪ ਕੌਰ - ਮਨਿੰਦਰ ਸਿੰਘ (ਪੋਤਨੂੰਹ-ਪੋਤਰਾ)
ਅਮਨਦੀਪ ਕੌਰ - ਮਨਦੀਪ ਸਿੰਘ (ਪੋਤਨੂੰਹ-ਪੋਤਰਾ)

ਸੁਖਮੰਦਰ ਸਿੰਘ ਬਰਾੜ (ਦਿਉਰ)
ਉਦੈਵੀਰ ਸਿੰਘ, ਰਾਜਯੋਗ ਸਿੰਘ (ਪੜਪੋਤਰੇ)
ਜੈਦੀਪ ਸਿੰਘ, ਜੋਰਾਵਾਰ ਸਿੰਘ (ਪੜਪੋਤਰੇ)
ਨਿਮਰਤ ਕੌਰ (ਪੜਪੋਤਰੀ)

ਆਵਾਜ਼ਿ ਕੌਮ AWAZE QAUM International Newspaper & WEB TV

ਮੋ: 98760-72000, 98762-72000, 98726-66983

### ਖਾਲਸਾ ਕਾਲਜ ਮਹਿਤਾ ਐਮ.ਏ. ਹਿਸਟਰੀ

# ਸਮੈਸਟਰ ਤੀਜਾ ਦਾ ਸ਼ਾਨਦਾਰ ਨਤੀਜਾ




**ਚੌਕ ਮਹਿਤਾ, 17 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਚੌਂਕ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਐਮ.ਏ ਤੀਜਾ ਸਮੈਸਟਰ ਦੇ ਨਤੀਜੇ 100% ਰਹੇ। ਜਿਸ ਵਿੱਚ ਐਮ.ਏ ਸਮੈਸਟਰ ਤੀਜੇ ਦੀ ਕੋਮਲਪ੍ਰੀਤ ਕੌਰ ,ਅਰਮਾਨਪ੍ਰੀਤ ਕੌਰ ਨੇ 75 % ਮਨਦੀਪ ਕੌਰ ,ਰਾਜਵੀਰ ਕੌਰ ਨੇ 73 % ਜਤਿੰਦਰ ਕੌਰ ,ਤਰਨਜੋਤ ਕੌਰ ਅਤੇ ਮਨਦੀਪ ਕੌਰ ਨੇ 72% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ ,ਦੂਜਾ ਅਤੇ ਤੀਜਾ ਸਥਾਨ ਹਾਸਿਲ ਕਰਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਮਾਣ ਵਧਾਇਆ। ਇਸ ਤੋਂ ਇਲਾਵਾ ਸਿਮਰਨ ਕੌਰ, ਮਨਜਿੰਦਰ ਕੌਰ ,ਗੁਰ ਸਿਮਰਨ ਸਿੰਘ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ। ਇਸ ਮੌਕੇ ਖੁਸ਼ੀ ਜ਼ਾਹਿਰ ਕਰਦੇ ਹੋਏ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਹਨਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਸੰਸਥਾ ਹਮੇਸ਼ਾ ਇਸੇ ਯਤਨ ਵਿੱਚ ਰਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਵਿਦਿਅਕ ਸਿਖਲਾਈ ਦਿੱਤੀ ਜਾਵੇ ਜਿਸ ਨਾਲ ਉਹ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਕਾਬਲ ਬਣ ਸਕਣ ਅਤੇ ਆਧੁਨਿਕ ਮੁਕਾਬਲੇ ਵਾਲੇ ਯੁੱਗ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾ ਸਕਣ ਅਤੇ ਨਾਲ ਹੀ ਉਹਨਾਂ ਨੇ ਆਪਣੇ ਕਾਲਜ ਦੇ ਮਿਹਨਤੀ ਅਤੇ ਕਾਬਲ ਅਧਿਆਪਕਾਂ ਦਾ ਧੰਨਵਾਦ ਕੀਤਾ। ਇਸ ਸੁਨਹਿਰੀ ਮੌਕੇ ਤੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾਂ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ , ਮਨਜੀਤ ਕੌਰ ,ਗੁਰਸ਼ਰਨਪ੍ਰੀਤ ਕੌਰ, ਪੂਰਤੀ ਸ਼ਰਮਾ ,ਗੁਰਵਿੰਦਰ ਕੌਰ, ਰੁਪਿੰਦਰ ਕੌਰ, ਸੁਪ੍ਰੀਤ ਕੌਰ,ਨਵਨੀਤ ਕੌਰ, ਅਮਨਦੀਪ ਕੌਰ, ਪਵਨਦੀਪ ਕੌਰ, ਸੁਖਮਨਦੀਪ ਕੌਰ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

### ਸੰਤ ਭਿੰਡਰਾਂਵਾਲਿਆਂ ਦੀ ਸੋਚ, ਖ਼ਾਲਿਸਤਾਨੀ ਸੰਘਰਸ਼ ਤੇ

# ਹੋਰ ਮੁੱਦਿਆਂ 'ਤੇ ਨਵੀਂ ਪੀੜ੍ਹੀ ਨੇ ਸਾਂਭੇ ਮੋਰਚੇ

### ਵਿਚਾਰ ਆਪੋ-ਆਪਣਾ

ਭਾਰਤੀ ਟੀ.ਵੀ. ਚੈੱਨਲਾਂ 'ਤੇ ਜਦੋਂ ਸਿੱਖ ਮਸਲਿਆਂ 'ਤੇ ਚਰਚਾ ਹੁੰਦੀ ਹੈ ਤਾਂ ਹਮੇਸ਼ਾਂ ਓਹੀ ਸਿੱਖ ਬੁਲਾਏ ਜਾਂਦੇ ਹਨ ਜਿਨ੍ਹਾਂ ਨੂੰ ਕੇਸਾਧਾਰੀ ਹਿੰਦੂ ਕਹਿਣਾ ਜ਼ਿਆਦਾ ਜਾਇਜ਼ ਹੈ। ਹਾਲ ਐਨਾ ਮਾੜਾ ਹੈ ਕਿ ਪੰਥਕ ਸਫ਼ਾਂ 'ਚ ਵਿਚਰਦੇ ਰਹੇ ਕਈ 'ਸਿੰਘ' ਵੀ ਇਨ੍ਹਾਂ ਚੈੱਨਲਾਂ 'ਤੇ ਬੋਲਣ ਮੌਕੇ ਪੰਥ ਦਾ ਪੱਖ ਰੱਖਣ ਵਾਲੇ ਬੁਲਾਰੇ ਬਣਨ ਤੋਂ ਬੱਚਦੇ ਜਿਹੇ ਰਹਿੰਦੇ ਨੇ। ਪਤਾ ਨਹੀਂ ਕੀ ਹੀਣਤਾ ਆ ਗਈ ਹੈ ਕਿ ਚੈਨਲਾਂ 'ਤੇ ਜਾ ਕੇ ਹਿੰਦੂਆਂ ਤੇ ਹਿੰਦੁਸਤਾਨ ਦਾ ਫ਼ਿਕਰ ਪਿਆ ਰਹਿੰਦਾ ਤੇ ਕੌਮ ਦਾ ਫ਼ਿਕਰ ਨਹੀਂ ਰਹਿੰਦਾ। ਇਹ ਲੋਕ ਸ਼ਰੇਆਮ ਹਿੰਦੂਆਂ ਦੀ ਹਮਾਇਤ ਵਿੱਚ ਭੁਗਤ ਰਹੇ ਹੁੰਦੇ ਨੇ, ਪਰ ਦਰਸਾਉਣਗੇ ਇਉਂ ਕਿ ਅਸੀਂ ਤਾਂ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਾਂ, ਅਸੀ ਤਾਂ ਇਸ ਮੁਲਕ ਦੇ ਪੂਰੇ ਤਾਬਿਆਦਾਰ ਹਾਂ। ਜਿਵੇਂ ਸਿੱਖ ਧਰਮ ਦਾ ਪੱਖ ਲੈਣ ਵਾਲੇ ਦੂਜੇ ਧਰਮਾਂ ਦਾ ਦੁਸ਼ਮਣ ਹੋਵੇ ਤੇ ਭਾਰਤ ਦਾ ਵੈਰੀ ਹੋਵੇ।



ਜਦ ਹਿੰਦੂਆਂ ਨੂੰ ਇਹੋ ਜਿਹੇ ਸਿੱਖ ਆਪ ਦੇ ਪੱਖ ਵਿੱਚ ਬੋਲਦੇ ਦਿਸਦੇ ਨੇ, ਓਹ ਹੋਰ ਵੱਧ ਬੁੜਕਦੇ ਨੇ। ਪਿਛਲੇ ਲੰਮੇ ਅਰਸੇ ਤੋਂ ਇਹੋ ਜਿਹੇ ਸਿੱਖਾਂ ਨੂੰ ਮੈਂ ਕਹਿੰਦਾ ਰਿਹਾ ਹਾਂ ਕਿ "ਜਦ ਚੈੱਨਲਾਂ ਉੱਤੇ ਤੁਸੀਂ ਸਿੱਖ ਕੌਮ ਦਾ ਸਹੀ ਪੱਖ ਰੱਖਣ ਜੋਗੇ ਹੀ ਨਹੀ ਤਾਂ ਓਥੇ ਸਿੱਖ ਨੁਮਾਇੰਦੇ ਦੇ ਤੌਰ 'ਤੇ ਜਾਂਦੇ ਹੀ ਕਿਉਂ ਹੋ ? ਸਾਫ਼ ਕਿਹਾ ਕਰੋ ਕਿ ਮੈਂ ਸਿੱਖ ਕੌਮ ਦਾ ਨੁਮਾਇੰਦਾ ਨਹੀਂ, ਮੈ ਤਾਂ ਹਿੰਦੂਆਂ ਦੇ ਸਹਿਯੋਗੀ ਵਜੋਂ ਹਾਜ਼ਰ ਹੋਇਆ ਆਂ।"

ਪਰ ਸ਼ੁਕਰ ਹੈ ਕਿ ਸਾਡੀ ਨਵੀਂ ਪੀੜ੍ਹੀ ਨੂੰ ਇਹ ਬਿਮਾਰੀ ਨਹੀਂ। ਭਾਈ ਪਰਮਜੀਤ ਸਿੰਘ ਮੰਡ (ਕਾਰਜਕਾਰੀ ਪ੍ਰਧਾਨ ਦਲ ਖ਼ਾਲਸਾ) ਅਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ) ਤੇ ਹੋਰ ਸਿੱਖ ਨੌਜਵਾਨ ਮਾਤਾ ਦਾ ਮਾਲ ਬਣਨ ਤੋਂ ਇਨਕਾਰ ਕਰਕੇ ਕਲਗੀਧਰ ਦੇ ਲਾਲ ਵਜੋਂ ਭਾਰਤੀ ਚੈੱਨਲਾਂ ਉੱਤੇ ਗੱਜ-ਵੱਜ ਕੇ ਬੋਲਦੇ ਹਨ। ਯਕੀਨਨ ਮਾਤਾ ਦੇ ਮਾਲ ਬਣੇ ਕੇਸਾਧਾਰੀ ਹਿੰਦੂਆਂ ਵਰਗੇ ਸਿੱਖਾਂ ਨੂੰ ਇਨ੍ਹਾਂ ਦੇ ਇਉਂ ਸਿੱਖ ਕੌਮ ਦੇ ਪੱਖ ਪੇਸ਼ ਕਰਦਿਆਂ ਦੇਖ ਕੇ ਤਕਲੀਫ਼ ਹੋ ਰਹੀ ਹੈ। ਕੇਸਾਧਾਰੀ ਹਿੰਦੂਆਂ ਨੂੰ ਆਪ ਦੀ ਹੀਣਤਾ ਅਤੇ ਆਤਮਿਕ ਕਮਜ਼ੋਰੀ ਦਾ ਅਹਿਸਾਸ ਹੁਣ ਹੋਰ ਵੀ ਵੱਧ ਹੋ ਰਿਹਾ ਹੋਵੇਗਾ ਕਿਉਂਕਿ ਸਹੀ, ਸੱਚੀ ਤੇ ਠੋਸ ਗੱਲ ਕਰਨ ਵਾਲੇ ਇਹ ਸਿੰਘ ਬੇਧੜਕ ਹੋ ਕੇ ਆਪ ਦੀ ਗੱਲ ਕਰਦੇ ਹਨ।

ਕੇ.ਪੀ. ਐਸ ਗਿੱਲ ਦੇ ਥੱਪੜ ਮਾਰਨ ਵਾਲੇ ਜੁਝਾਰੂ ਭਾਈ ਕੰਵਰ ਸਿੰਘ ਧਾਮੀ ਜਦ ਜ਼ਿੰਦਗੀ ਵਿੱਚ ਪਹਿਲੀ ਵਾਰ ਮੈਨੂੰ ਮਿਲੇ ਤਾਂ ਜੱਫੀ ਵਿੱਚ ਲੈਕੇ ਕਹਿੰਦੇ, "ਘੁਮਾਣ! ਜਦ ਅਸੀਂ ਤੇਰੇ ਵਰਗੇ ਕਾਲੇ ਦਾਹੜੇ ਵਾਲ਼ੇ ਨੌਜਵਾਨਾ ਨੂੰ ਸੰਘਰਸ਼ ਵਿੱਚ ਦੇਖਦੇ ਹਾਂ, ਦਿਲ ਨੂੰ ਤਸੱਲੀ ਹੁੰਦੀ ਹੈ ਕਿ ਸਾਥੋਂ ਬਾਅਦ ਕੌਮ ਦੇ ਝੰਡਾ ਚੁੱਕਣ ਵਾਲੇ ਆ ਰਹੇ ਹਨ। ਹੁਣ ਸੰਘਰਸ਼ ਵਿਚ ਸ਼ਾਮਲ ਰਹੇ ਸਾਡੇ ਵਰਗੇ ਪਹਿਲੀ ਪੀੜ੍ਹੀ ਦੇ ਸਿੰਘ ਜਦ ਵਡੇਰੀ ਉਮਰ ਵਿੱਚ ਪਹਿਲਾਂ ਵਾਂਗ ਸਰਗਰਮ ਨਹੀਂ ਕਰ ਸਕਦੇ ਤਾਂ ਸਾਨੂੰ ਵਧੀਆ ਲੱਗਦਾ ਕਿ ਅਗਲੀ ਪੀੜ੍ਹੀ ਫ਼ਰਜ਼ ਸਾਂਭੇਗੀ।"

ਜਦ ਲਾਹੌਰ ਵਿੱਚ ਮੈਂ ਭਾਅਜੀ ਗਜਿੰਦਰ ਸਿੰਘ ਹਾਈਜੈਕਰ ਨੂੰ ਮਿਲਿਆ ਤਾਂ ਉਨ੍ਹਾਂ ਨੇ ਵੀ ਕਿਹਾ ਸੀ ਕਿ ਨੌਜਵਾਨ ਸ਼ਕਤੀ ਨੂੰ ਕੌਮ ਦੇ ਫਰਜ਼ ਨਿਭਾਉਣ ਲਈ ਅੱਗੇ ਆਉਣਾ ਚਾਹੀਦਾ, ਇਸ ਪਾਸੇ ਧਿਆਨ ਦੇਵੋ। ਜੁਝਾਰੂ-ਜਰਨੈਲ ਭਾਈ ਦਲਜੀਤ ਸਿੰਘ ਬਿੱਟੂ, ਭਾਈ ਨਰਾਇਣ ਸਿੰਘ ਚੌੜਾ, ਭਾਈ ਗਿਆਨ ਸਿੰਘ ਲੀਲ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਮਨਜਿੰਦਰ ਸਿੰਘ ਈਸੀ, ਭਾਈ ਕੁਲਬੀਰ ਸਿੰਘ ਬੜਾਪਿੰਡ, ਭਾਈ ਦਇਆ ਸਿੰਘ ਲਾਹੌਰੀਆ, ਭਾਈ ਹਰਨੇਕ ਸਿੰਘ ਭੱਪ ਸਮੇਤ ਹੋਰ ਬੇਅੰਤ ਸਿੰਘ ਨੇ ਜਿਨ੍ਹਾਂ ਨੇ ਹਮੇਸ਼ਾਂ ਸਿੱਖ ਜਵਾਨੀ ਦੀ ਨਵੀਂ ਪਰਤ ਨੂੰ ਕੌਮ ਦੀ ਸੇਵਾ ਵਿੱਚ ਦੇਖਣਾ ਚਾਹਿਆ।

ਸਿੱਖ ਸੰਘਰਸ਼ ਵਿੱਚ ਸਰਗਰਮ ਰਹੇ ਤੇ ਹੁਣ ਵਡੇਰੀ ਉਮਰ ਵਿੱਚ ਸ. ਸਤਨਾਮ ਸਿੰਘ ਪਾਉਂਟਾ ਸਾਹਿਬ ਵਰਗੇ ਸਾਰੇ ਹੀ ਸਿੰਘ ਸਮਝਦੇ ਹਨ ਕਿ ਅਗਲੀ ਪੀੜ੍ਹੀ ਮੋਰਚੇ ਸੰਭਾਲੇ ਤੇ ਮੌਜੂਦਾ ਦੌਰ ਦੇ ਹਿਸਾਬ ਨਾਲ ਗੱਲ ਤੋਰੇ। ਸਾਰੇ ਹੀ ਕਹਿੰਦੇ ਨੇ ਕਿ ਸੰਘਰਸ਼ ਦੇ ਜੋ ਪੈਂਤੜੇ ਅਸੀਂ ਆਪ ਦੇ ਵੇਲੇ ਅਪਣਾਏ ਓਹ ਜ਼ਰੂਰੀ ਨਹੀਂ ਕਿ ਹੁਣ ਵਾਲੇ ਨੌਜਵਾਨ ਵੀ ਓਹੀ ਅਪਣਾਉਣ, ਹੁਣ ਹਾਲਾਤ ਤੇ ਮਹੌਲ ਹੋਰ ਹੈ। ਮੈਂ ਦਲ ਖਾਲਸਾ ਦੇ ਸੀਨੀਅਰ ਆਗੂ ਭਾਈ ਕੰਵਰਪਾਲ ਸਿੰਘ ਬਿੱਟੂ ਨੂੰ ਨਵੇਂ ਨੌਜਵਾਨਾਂ ਨੂੰ ਉਤਸ਼ਾਹਿਤ ਕਰਦਿਆਂ ਹੀ ਦੇਖਿਆ ਹੈ। ਮੇਰਾ ਮੰਨਣਾ ਹੈ ਕਿ ਕੌਮੀ ਫ਼ਰਜ਼ ਨਿਭਾਉਣ ਵਾਲੇ ਸਿੱਖ ਨੌਜਵਾਨ ਜਦ ਪਹਿਲਾਂ ਸਰਗਰਮ ਰਹੇ ਸਿੰਘਾਂ ਨਾਲ ਤਾਲਮੇਲ ਕਾਇਮ ਕਰਕੇ ਹੁਣ ਦੇ ਹਿਸਾਬ ਨਾਲ ਸਰਗਰਮ ਹੋਣਗੇ ਤਾਂ ਲਾਜ਼ਮੀ ਨਤੀਜਾ ਸਾਰਥਕ ਨਿਕਲਣਗੇ। ਬੜਾ ਵਧੀਆ ਲੱਗਦਾ ਹੈ ਜਦ ਸ. ਪਰਮਜੀਤ ਸਿੰਘ ਮੰਡ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵਰਗੇ ਟੀ.ਵੀ. ਚੈੱਨਲਾਂ ਉੱਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ, ਖ਼ਾਲਿਸਤਾਨ ਅਤੇ ਹਰ ਮਸਲੇ ਉੱਤੇ ਸਪੱਸ਼ਟ ਗੱਲ ਕਰਦੇ ਹਨ। ਜਿਹੜੇ ਵਿਚਾਰੇ ਡਰੇ ਰਹਿੰਦੇ ਸੀ ਕਿ ਸੰਤ ਭਿੰਡਰਾਂਵਾਲਿਆਂ ਤੇ ਖ਼ਾਲਿਸਤਾਨ ਦੀ ਹਮਾਇਤ ਕਰਨ ਨਾਲ ਕਿਤੇ ਹਿੰਦੂ ਨਾਰਾਜ਼ ਨਾ ਹੋ ਜਾਣ, ਉਹ ਬੜੇ ਹੱਕੇ ਬੱਕੇ ਰਹਿ ਜਾਂਦੇ ਨੇ। ਇਹ ਨੌਜਵਾਨ ਉਲਟਾ ਹਿੰਦੂਆਂ ਨੂੰ ਮੂਹਰਿਓਂ ਘੇਰ ਲੈਂਦੇ ਹਨ ਨੇ ਕਿ ਤੈਨੂੰ ਨਾ ਸੰਤ ਭਿੰਡਰਾਂਵਾਲਿਆ ਬਾਰੇ ਕੱਖ ਪਤਾ, ਨਾ ਖ਼ਾਲਿਸਤਾਨ ਦਾ।



ਹੁਣ ਜਦ ਮੇਰਾ ਆਪ ਦਾ ਦਾਹੜੇ ਸਫੈਦ ਹੋਣ ਲੱਗ ਪਿਆ ਹੈ ਤਾਂ ਕਾਲੇ ਦਾਹੜੇ ਵਾਲੇ ਉਹਨਾਂ ਨੌਜਵਾਨਾਂ ਨੂੰ ਮੋਰਚਾ ਸਾਂਭਦਿਆਂ ਦੇਖ ਕੇ ਤਸੱਲੀ ਹੁੰਦੀ ਹੈ, ਜਿਹੜੇ ਕਦੇ ਕਦੇ ਸਾਡੇ ਵਰਗਿਆਂ ਦੀ ਸਲਾਹ ਵੀ ਲੈ ਲੈਂਦੇ ਨੇ। ਜਿਹੜੇ ਸਾਡੇ ਵਰਗਿਆਂ ਦੀ ਬੇਕਦਰੀ ਕਰਕੇ ਕਿਸੇ ਹੋਰ ਤੋਂ ਸਲਾਹ ਲੈ ਕੇ ਪੰਥਕ ਪਿੜ ਵਿੱਚ ਸਰਗਰਮ ਹਨ ਉਨ੍ਹਾਂ ਨੂੰ ਉਹ ਚੰਗੇ ਲੱਗਣਗੇ। ਪਰ ਨਵੀਂ ਪੀੜ੍ਹੀ ਦਾ ਸਰਗਰਮ ਹੋਣਾ ਵਧੀਆ ਗੱਲ ਹੈ। ਇਸ ਨਵੇਂ ਰੁਝਾਨ ਨੂੰ 'ਜੀ ਆਇਆਂ' ਕਹਿਣਾ ਬਣਦਾ ਹੈ।

**- ਸਰਬਜੀਤ ਸਿੰਘ ਘੁਮਾਣ**
**(ਖ਼ਾਲਿਸਤਾਨੀ ਚਿੰਤਕ)**

## ਪਿੰਡ ਮਹਾਲਮ ਵਿਖੇ ਸ੍ਰੀਮਾਨ 108 ਸੰਤ ਬਾਬਾ ਹਰਨਾਮ ਸਿੰਘ ਰੱਤੋਕੇ ਵਾਲਿਆਂ ਦੀ ਯਾਦ ਵਿਚ ਸਲਾਨਾ ਜ਼ੋੜ ਮੇਲਾ 21 ਮਾਰਚ ਨੂੰ—ਜੋੜ ਮੇਲਾ ਕਮੇਟੀ ਮੈਂਬਰ ਮਹਾਲਮ

ਫ਼ਿਰੋਜ਼ਪੁਰ, 17 ਮਾਰਚ (ਮਨੋਹਰ ਲਾਲ) :— ਪਿੰਡ ਮਹਾਲਮ ਵਿਖੇ ਸ੍ਰੀਮਾਨ 108 ਸੰਤ ਬਾਬਾ ਹਰਨਾਮ ਸਿੰਘ ਰੱਤੋ ਕੇ ਵਾਲਿਆਂ ਦੀ ਯਾਦ ਵਿਚ ਸਲਾਨਾ ਜ਼ੋੜ ਮੇਲਾ 21 ਮਾਰਚ ਨੂੰ ਕਰਵਾਇਆ ਜਾਵੇਗਾ। ਇਹ ਜਾਣਕਾਰੀ ਜ਼ੋੜ ਮੇਲਾ ਕਮੇਟੀ ਮੈਂਬਰ ਪਿੰਡ ਮਹਾਲਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀਮਾਨ 108 ਸੰਤ ਬਾਬਾ ਹਰਨਾਮ ਸਿੰਘ ਜੀ ਰੱਤੋਕੇ ਵਾਲਿਆਂ ਮਹਾਂਪੁਰਸ਼ਾਂ ਦਾ ਜ਼ੋੜ ਮੇਲਾ 21 ਮਾਰਚ ਨੂੰ ਕਰਵਾਏ ਜਾ ਰਹੇ ਹਨ। ਇਸ ਸਬੰਧ ਵਿਚ ਸ੍ਰੀ ਆਖੰਡ ਪਾਠ ਸਾਹਿਬ ਜੀ ਦੀਆਂ ਲੜੀਆਂ ਚੱਲ ਰਹੀਆਂ ਹਨ, ਜ਼ੋ ਕਿ 15 ਮਾਰਚ ਤੋਂ ਸ਼ੁਰੂ ਹਨ, ਜਿਨ੍ਹਾਂ ਦੇ ਭੋਗ 17 ਮਾਰਚ ਨੂੰ ਅਤੇ ਦੂਸਰੀ ਲੜੀ 17 ਤੋਂ ਸ਼ੁਰੂ ਹੋ ਕੇ 19 ਮਾਰਚ ਅਤੇ ਤੀਸਰੀ ਲੜੀ 19 ਤੋਂ ਸ਼ੁਰੂ ਹੋ ਕੇ 21 ਮਾਰਚ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਮੌਕੇ 20 ਮਾਰਚ ਰਾਤ ਦੇ ਦੀਵਾਨ ਵਿਚ ਢਾਡੀ ਜਥਾ ਭਾਈ ਤਰਸੇਮ ਸਿੰਘ ਅਮਰਕੋਟ ਹਾਜ਼ਰੀ ਭਰਨਗੇ। ਇਸੇ ਤਰ੍ਹਾਂ 21 ਮਾਰਚ ਦੇ ਦਿਨ ਦੇ ਦੀਵਾਨ ਦੀ ਹਾਜ਼ਰੀ ਕਵੀਸ਼ਰੀ ਜਥਾ ਭਾਈ ਭਗਵੰਤ ਸਿੰਘ ਅਤੇ ਢਾਡੀ ਜਥਾ ਭਾਈ ਮਨਬੀਰ ਸਿੰਘ ਪਹੁਵਿੰਡ ਹਾਜ਼ਰੀ ਭਰਨਗੇ। ਇਸ ਤਰ੍ਹਾਂ ਸ਼ਾਮ ਨੂੰ ਕਬੱਡੀ ਮੈਚ ਟੀਮਾਂ ਹਿੱਸਾ ਲੈਣਗੀਆਂ, ਜਿਸ ਵਿਚ ਸ਼ਹੀਦ ਭਾਈ ਲਖਮੀਰ ਸਿੰਘ ਕਬੱਡੀ ਕਲੱਬ ਘਰਿਆਲਾ ਦਾ ਮੁਕਾਬਲਾ ਮਾਣਕ ਕਬੱਡੀ ਕਲੱਬ ਫਗਵਾੜਾ ਦਾ ਵੱਡਾ ਸ਼ੋਅ ਮੈਚ ਹੋਵੇਗਾ ਅਤੇ ਜੇਤੂ ਟੀਮਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਸਮੂਹ ਜ਼ੋੜ ਮੇਲਾ ਕਮੇਟੀ ਮੈਂਬਰ ਮਹਾਲਮ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ 15 ਤਰੀਖ ਨੂੰ ਹੀ ਸਾਰੇ ਪਿੰਡ ਦਾ ਲੰਗਰ ਵੀ ਗੁਰਦੁਆਰਾ ਸਾਹਿਬ ਵਿਚ ਚੱਲ ਰਿਹਾ ਹੈ, ਜ਼ੋ ਕਿ 22 ਮਾਰਚ ਤੱਕ ਚੱਲੇਗਾ। ਜ਼ੋੜ ਮੇਲਾ ਕਮੇਟੀ ਮੈਂਬਰ ਮਹਾਲਮ ਨੇ ਸਮੂਹ ਪੰਜਾਬ ਭਰ ਦੀਆਂ ਸੰਗਤਾਂ ਅਤੇ ਦੂਰੋ—ਨੇੜਿਓ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਪਰਿਵਾਰ ਸਮੇਤ ਪਹੁੰਚ ਕੇ ਆਏ ਹੋਏ ਮਹਾਂਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਓ ਜੀ।



## ਗੁਰਦੁਆਰਾ ਸ੍ਰੀ ਗੁਰੂ ਨਾਨਕ ਸੰਗਤ ਸਾਹਿਬ ਪਿੰਡ ਝੋਕ ਮੋਹੜੇ ਬਰਾਂਚ ਦਮਦਮੀ ਟਕਸਾਲ ਫ਼ਿਰੋਜ਼ਪੁਰ ਵਿਖੇ ਮਹਾਂਪੁਰਖਾਂ ਦੀ ਮਿੱਠੀ ਯਾਦ ਵਿਚ ਸਲਾਨਾ ਮਹਾਨ ਗੁਰਮਤਿ ਸਮਾਗਮ 22 ਮਾਰਚ ਨੂੰ—ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ, ਜਥੇਦਾਰ ਭਾਈ ਰਛਪਾਲ ਸਿੰਘ, ਭਾਈ ਵੀਰਪਾਲ ਸਿੰਘ





ਫ਼ਿਰੋਜ਼ਪੁਰ, 17 ਮਾਰਚ (ਮਨੋਹਰ ਲਾਲ) :— ਗੁਰਦੁਆਰਾ ਸ੍ਰੀ ਗੁਰੂ ਨਾਨਕ ਸੰਗਤ ਸਾਹਿਬ ਪਿੰਡ ਝੋਕ ਮੋਹੜੇ ਬਰਾਂਚ ਦਮਦਮੀ ਟਕਸਾਲ ਫ਼ਿਰੋਜ਼ਪੁਰ ਵਿਖੇ ਮਹਾਂਪੁਰਖਾਂ ਦੀ ਮਿੱਠੀ ਯਾਦ ਵਿਚ ਸਲਾਨਾ ਮਹਾਨ ਗੁਰਮਤਿ ਸਮਾਗਮ 22 ਮਾਰਚ ਨੂੰ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ, ਜਥੇਦਾਰ ਭਾਈ ਰਛਪਾਲ ਸਿੰਘ ਭਾਈ ਵੀਰਪਾਲ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਸੰਗਤ ਸਾਹਿਬ ਬਰਾਂਚ ਦਮਦਮੀ ਟਕਸਾਲ ਮਹਿਤਾ ਪਿੰਡ ਝੋਕ ਮੋਹੜੇ ਫ਼ਿਰੋਜ਼ਪੁਰ ਵਿਖੇ ਮਹਾਂਪੁਰਖਾਂ ਦੀ ਮਿੱਠੀ ਯਾਦ ਵਿਚ ਜਿਨ੍ਹਾਂ ਵਿਚ ਸੰਤ ਬਾਬਾ ਠਾਕੁਰ ਸਿੰਘ ਭਿੰਡਰਾਂ ਵਾਲੇ, ਸੰਤ ਬਾਬਾ ਕੁੰਦਨ ਸਿੰਘ ਨਾਨਕਸਰ ਵਾਲੇ, ਸੰਤ ਬਾਬਾ ਗੁਰਬਖਸ਼ ਸਿੰਘ ਜੈਲਦਾਰ ਤੋਂ ਇਲਾਵਾ ਹੋਰ ਵੀ ਮਹਾਂਪੁਰਖਾਂ ਦੀ ਮਿੱਠੀ ਯਾਦ ਨੂੰ 22 ਮਾਰਚ 2025 (9 ਚੇਤਰ) ਦਿਨ ਸ਼ਨੀਵਾਰ ਨੂੰ ਮਹਾਨ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਸੰਤਾਂ ਮਹਾਂਪੁਰਖਾਂ ਤੋਂ ਇਲਾਵਾ ਰਾਗੀ, ਢਾਡੀ ਜਥੇ ਪਹੁੰਚ ਰਹੇ ਹਨ। ਇਸ ਮੌਕੇ ਤੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ (ਪ੍ਰਧਾਨ ਸੰਤ) ਸਮਾਜ ਵਿਸ਼ੇਸ਼ ਤੌਰ ਤੇ ਹਾਜ਼ਰੀ ਪਹੁੰਚ ਕੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਤੇ ਸਿੰਘ ਸਾਹਿਬ ਗਿਆਨੀ ਪਰਵਿੰਦਰ ਪਾਲ ਸਿੰਘ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹਾਜ਼ਰੀ ਭਰਨਗੇ। ਉਪਰੋਕਤ ਪਤਵੰਤਿਆਂ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ 22 ਮਾਰਚ (9 ਚੇਤਰ) ਦਿਨ ਸ਼ਨੀਵਾਰ ਨੂੰ 12 ਵਜੇ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ। ਉਪਰੋਕਤ ਆਗੂਆਂ ਨੇ ਸੰਗਤਾਂ ਅੱਗੇ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਆਏ ਹੋਏ ਮਹਾਂਪੁਰਖਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਓ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਏ ਜਾਣਗੇ।

## ਕੋਆਰਡੀਨੇਟਰ ਨਵਜੋਤ ਸਿੰਘ ਜਰਗ ਨੇ ਧੂਰੀ ਹਲਕੇ ਦੇ ਬਲਾਕ ਪ੍ਰਧਾਨਾਂ ਨਾਲ ਕੀਤੀ ਮੁਲਾਕਾਤ



ਧੂਰੀ ( ਰਣਜੀਤ ਸਿੰਘ ਪੇਧਨੀ ) ਆਮ ਆਦਮੀ ਪਾਰਟੀ ਦੇ ਧੂਰੀ ਹਲਕੇ ਦੇ ਕੋਆਰਡੀਨੇਟਰ ਨਵਜੋਤ ਸਿੰਘ ਜਰਗ ਨੇ ਧੂਰੀ ਵਿਖੇ ਆਮ ਆਦਮੀ ਪਾਰਟੀ ਦੇ ਧੂਰੀ ਹਲਕੇ ਦੇ ਬਲਾਕ ਪ੍ਰਧਾਨਾਂ ਨਾਲ ਮੀਟਿੰਗ ਕੀਤੀ । ਇਸ ਮੌਕੇ ਆਮ ਆਦਮੀ ਪਾਰਟੀ ਦੇ ਕੋਆਰਡੀਨੇਟਰ ਨਵਜੋਤ ਸਿੰਘ ਜਰਗ ਨੇ ਕਿਹਾ ਕਿ ਇਹ ਮੀਟਿੰਗ ਧੂਰੀ ਹਲਕੇ ਵਿੱਚ ਆਮ ਆਦਮੀ ਪਾਰਟੀ ਦੀ ਮਜ਼ਬੂਤੀ ਲਈ ਕੀਤੀ ਗਈ ਹੈ ਤਾਂ ਕਿ ਹਲਕੇ ਦੇ ਲੋਕਾਂ ਤੱਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਖੁਸ਼ਹਾਲ ਰਾਜ ਤੋਂ ਹਰ ਵਰਗ ਖੂਸ ਹੈ । ਇਸ ਮੌਕੇ ਧੂਰੀ ਹਲਕੇ ਦੇ ਆਮ ਆਦਮੀ ਪਾਰਟੀ ਦੇ ਦਿਹਾਤੀ ਬਲਾਕ ਪ੍ਰਧਾਨ ਗੁਰਤੇਜ ਸਿੰਘ ਤੇਜੀ ਕੱਕੜਵਾਲ, ਗਗਨ ਜਵੰਧਾ ਭਸੌੜ, ਤੀਰਥ ਸਿੰਘ ਭੱਦਲਵੜ੍ਹ, ਜਸਵਿੰਦਰ ਸਿੰਘ ਘਨੌਰ, ਸੁਖਦੇਵ ਸਿੰਘ ਬਮਾਲ , ਕਾਲਾ ਬੇਨੜਾ, ਸੁਖਵੰਤ ਸਿੰਘ ਬਾਲੀਆਂ, ਸੁਰਜੀਤ ਸਿੰਘ ਰਾਜੋਮਾਜਰਾ, ਗੁਰਜੀਤ ਸਿੰਘ ਕਾਂਝਲਾ ਅਤੇ ਸ਼ਹਿਰੀ ਬਲਾਕ ਪ੍ਰਧਾਨ ਸੁਖਪਾਲ ਸਿੰਘ ਪਾਲਾ, ਜਸਪਾਲ ਸਿੰਘ ਭੁੱਲਰ, ਮਿਲਖ ਰਾਜ, ਹੈਪੀ ਗਰਗ ਅਤੇ ਵੀਰਪਾਲ ਸਿੰਘ ਸਮੇਤ ਹੋਰ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM

ਮੁੱਖ ਮੰਤਰੀ ਦੇ ਓ.ਐਸ.ਡੀ ਸੁਖਵੀਰ ਸਿੰਘ ਸੁੱਖੀ ਨੇ

# ਧੂਰੀ ਸ਼ਹਿਰ ਨਿਵਾਸੀਆਂ ਦੀਆਂ ਸੁਣੀਆਂ ਸਮੱਸਿਆਵਾਂ







ਧੂਰੀ ( ਰਣਜੀਤ ਸਿੰਘ ਪੇਧਨੀ ) ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਧੂਰੀ ਸ਼ਹਿਰ ਦੇ ਵੱਖ ਵੱਖ ਵਾਰਡਾਂ ਦੇ ਐਮ,ਸੀ ਅਤੇ ਆਪ ਦੇ ਵਲੰਟੀਅਰਾਂ ਨੂੰ ਬੁਲਾ ਕੇ ਸਮੱਸਿਆਵਾਂ ਸੁਣੀਆਂ ਅਤੇ ਜਲਦੀ ਹੱਲ ਕਰਨ ਦਾ ਭਰੋਸ਼ਾ ਵੀ ਦਿੱਤਾ । ਇਜ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਦੇ ਓ.ਐਸ.ਡੀ ਸੁਖਵੀਰ ਸਿੰਘ ਸੁੱਖੀ ਨੇ ਕਿਹਾ ਕਿਧੂਰੀ ਸ਼ਹਿਰ ਨੂੰ ਪੰਜਾਬ ਵਿੱਚ ਨਮੂਨੇ ਦਾ ਸ਼ਹਿਰ ਬਣਾਇਆ ਜਾਵੇਗਾ ਸ਼ਹਿਰ ਵਿੱਚ ਅਨੇਕਾਂ ਹੀ ਤਰਹਾਂ ਦੇ ਵਿਕਾਸ ਦੇ ਕੰਮ ਚੱਲ ਰਹੇ ਹਨਅਤੇ ਆਉਣ ਵਾਲੇ ਸਮੇਂ ਵਿੱਚ ਮੁੱਖ ਮੰਤਰੀ ਵੱਲੋਂ ਕਰੋੜਾਂ ਰੁਪਏ ਹੋਰ ਦੇ ਕੇ ਸ਼ਹਿਰ ਦੀ ਨੁਹਾਰ ਬਦਲੀ ਜਾਵੇਗੀ । ਇਸ ਮੌਕੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ,ਪੰਜਾਬ ਉਦਯੋਗ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ, ਚੈਅਰਮੈਨ ਨਵਜੋਤ ਸਿੰਘ ਜਰਗ, ,ਚੇਅਰਮੈਨ ਸ੍ਰੀ ਅਸ਼ੋਕ ਕੁਮਾਰ ਲੱਖਾ, ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ,ਕਰਮਜੀਤ ਸਿੰਘ ਨੋਡਲ ਅਫਸਰ, ਆਪ ਆਗੂ ਅਮਰਦੀਪ ਸਿੰਘ ਧਾਂਦਰਾ, ਐਸ.ਡੀ.ਐਮ ਵਿਕਾਸ ਹੀਰਾ, ਐਸ.ਪੀ ਮਨਦੀਪ ਸਿੰਘ, ਐਸ ਐਚ ਓ ਜਸਵੀਰ ਸਿੰਘ ਤੂਰ,ਸੰਦੀਪ ਤਾਇਲ ਪੱਪੂ ਜੌਲੀ, ਬਲਾਕ ਪ੍ਰਧਾਨ ਗਗਨ ਜਵੰਧਾ, ਬਲਾਕ ਪ੍ਰਧਾਨ ਤੀਰਥ ਸਿੰਘ ਗਿੱਲ , ਬਲਾਕ ਪ੍ਰਧਾਨ ਗੁਰਤੇਜ ਸਿੰਘ ਕੱਕੜਵਾਲ, ਪੰਚਾਇਤ ਯੂਨੀਅਨ ਦੇ ਪ੍ਰਧਾਨ ਸਰਪੰਚ ਜੱਗਾ ਭੋਜੋਵਾਲੀ, ਸਰਪੰਚ ਗੁਰਮੇਲ ਸਿੰਘ ਬੁਰਜ ਗੌਹਰਾ, ਸਰਪੰਚ ਗੋਪੀ ਮੀਮਸਾ, , ਸੇਵਕ ਲੱਡਾ, ਸੁਖਦੀਪ ਸਿੰਘ ਚੀਮਾ, ਦਾਰਾ ਭੋਜੋਵਾਲੀ, ਸੁਖਪਾਲ ਸਿੰਘ ਪਾਲਾ ਬਲਾਕ ਪ੍ਰਧਾਨ, ਨਰੈਸ ਸਿੰਗਲਾ ,ਹਰਪ੍ਰੀਤ ਸਿੰਘ, ਸਰਬਜੀਤ ਸਿੰਘ ਮਾਮਾ, ਸਰਪੰਚ ਸਿਮਰਨਜੀਤ ਸਿੰਘ ਕਾਲਾ ਬਟੂਹਾ, ਸਰਪੰਚ ਸੁਖਚੈਨ ਸਿੰਘ ਮੂਲੋਂਵਾਲ, ਸਰਪੰਚ ਦਲਵੀਰ ਸਿੰਘ ਧੰਦੀਵਾਲ, ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ, ਬਸੰਤ ਕੁਮਾਰ ਕਾਂਝਲਾ, ਚੇਅਰਮੈਨ ਅਮਰੀਕ ਸਿੰਘ ਸੋਹੀ, ਐਡਵੋਕੇਟ ਹੈਪੀ ਗੋਇਲ, ,ਪਰਮਜੀਤ ਸਿੰਘ ਕਾਂਝਲਾ, ਰਣਜੋਧ ਸਿੰਘ ਕਾਂਝਲਾ, ਨਪਿੰਦਰ ਸਿੰਘ ਕਾਂਝਲਾ, ਬੂਟਾ ਸੁਲਤਾਨਪੁਰ, ਆਪ ਆਗੂ ਭਿੰਦਾ ਵਿਰਕ, ਮਾਣਾ ਗਰੇਵਾਲ, ਭੋਲਾ ਅਲਾਲ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਨਸ਼ਿਆਂ ਖ਼ਿਲਾਫ਼ ਵਿੱਡੀ ਕਾਰਵਾਈ ਮਾਨ ਸਰਕਾਰ ਦਾ ਸ਼ਲਾਘਾਯੋਗ ਕਦਮ ਨੰਬਰਦਾਰ ਰਜਿੰਦਰ ਸਿੰਘ ਪੇਧਨੀ



ਧੂਰੀ ( ਰਣਜੀਤ ਸਿੰਘ ਪੇਧਨੀ ) ਪਿਛਲੇ ਪੰਦਰਾਂ ਸਾਲਾਂ ਤੋਂ ਪੰਜਾਬ ਦੀ ਨੌਜਵਾਨੀ ਨਸ਼ਿਆਂ ਦੀ ਦਲ ਦਲ ਵਿੱਚ ਫਸੀ ਹੋਈ ਸੀ,ਜਿਸ ਨੂੰ ਬਾਹਰ ਕੱਢਣਾ ਜ਼ਰੂਰੀ ਸੀ। ਪਿਛਲੀਆਂ ਸਰਕਾਰਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲ ਦਲ ਵਿੱਚ ਬਾਹਰ ਕੱਢਣ ਵੱਲ ਕੋਈ ਖਾਸ ਦਿਲਚਸਪੀ ਨਹੀਂ ਦਿਖਾਈ ਜਿੰਨੀ ਦੇਰ ਕਿਸੇ ਸੂਬੇ ਦੀ ਸਰਕਾਰ ਆਪਣੀ ਜਨਤਾਂ ਪ੍ਰਤੀ ਸੁਚੇਤ ਨਹੀਂ ਹੁੰਦੀ ਤਾਂ ਉਸ ਦੇ ਨਤੀਜੇ ਉਸ ਨੂੰ ਭੁਗਤਣੇ ਹੀ ਪੈਂਦੇ ਹਨ ਜੋ ਉਹ ਭੁਗਤ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨੰਬਰਦਾਰ ਰਜਿੰਦਰ ਸਿੰਘ ਪੇਧਨੀ ਪ੍ਰਮੁੱਖ ਉਮੀਦਵਾਰ ਜ਼ਿਲਾ ਪਰਿਸ਼ਦ ਜੋਨ ਬੇਨੜਾ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ ਪੀਰਾਂ ਤੇ ਪੈਗੰਬਰਾਂ ਦੀ ਚਰਨਛੋਹ ਧਰਤੀ ਹੈ। ਜਿਸ ਨੂੰ ਨਸ਼ਿਆਂ ਦੇ ਕੋਹੜ ਨੇ ਬਦਨਾਮ ਕੀਤਾ ਹੋਇਆ ਸੀ ਜਿਸ ਕਰਕੇ ਇਸ ਨੂੰ ਜੜ੍ਹੋਂ ਖਤਮ ਕਰਨਾ ਜ਼ਰੂਰੀ ਸੀ।ਇਹ ਕਾਰਜ਼ ਇਸ ਧਰਤੀ ਨੂੰ ਪਿਆਰ ਕਰਨ ਵਾਲਾ ਆਦਮੀਂ ਹੀ ਕਰ ਸਕਦਾ ਸੀ,ਕਿਉਂਕਿ ਪਹਿਲਾਂ ਵੀ ਕਈ ਸਰਕਾਰਾਂ ਆਈਆਂ ਤੇ ਆਪਣੀਆਂ ਸਿਆਸੀ ਰੋਟੀਆਂ ਸੇਕ ਕੇ ਚਲੇ ਗਈਆਂ ਪਰ ਨਸ਼ਿਆਂ ਦੀ ਦਲਦਲ ਵਿੱਚ ਫਸੀ ਨੌਜਵਾਨੀ ਨੂੰ ਇਸ ਦਲਦਲ ਵਿਚੋਂ ਕੱਢਣ ਦਾ ਕੋਈ ਯਤਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਆਪ ਦੀ ਮਾਨ ਸਰਕਾਰ ਵੱਲੋਂ ਕੀਤੇ ਇਸ ਉਪਰਾਲੇ ਨਾਲ ਨੌਜਵਾਨਾਂ ਦੇ ਮਾਪਿਆਂ ਨੂੰ ਹੁਣ ਆਸ ਦੀ ਕਿਰਨ ਜਾਗੀ ਹੈ ਜਿਹਨਾਂ ਦੇ ਮੂੰਹ ਵਿੱਚੋ ਨਿਕਲਣ ਵਾਲੀਆਂ ਅਸੀਸਾਂ ਦਾ ਫਲ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨੂੰ ਇੱਕ ਦਿਨ ਜ਼ਰੂਰ ਮਿਲੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

## ਮਾਨ ਸਰਕਾਰ ਦੇਵੇ ਜਵਾਬ, ਚੋਣਾਂ ਵੇਲੇ ਦਿੱਤੀਆਂ ਗਰੰਟੀਆਂ ਦਾ ਕੌਣ ਦਿਊ ਹਿਸਾਬ : ਗੁਰਮੀਤ ਸਿੰਘ ਬਰੜਵਾਲ



ਧੂਰੀ ( ਰਣਜੀਤ ਸਿੰਘ ਪੇਧਨੀ ) ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਇਹ ਜਵਾਬ ਦੇਣ ਕਿ ਪੰਜਾਬ ਦੇ ਲੋਕਾਂ ਨਾਲ ਚੋਣਾਂ ਵੇਲੇ ਦਿੱਤੀਆਂ ਕਿਹੜੀਆਂ ਗਰੰਟੀਆਂ ਨੂੰ ਪੂਰਾ ਕੀਤਾ ਗਿਆ, ਨਾ ਤਾਂ ਨਸ਼ਾ ਬੰਦ ਹੋਇਆ, ਨਾ ਬੇਰੁਜ਼ਗਾਰੀ ਭੱਤਾ ਮਿਲਿਆ, ਨਾ ਨੌਕਰੀਆਂ ਮਿਲੀਆਂ, ਨਾ ਇੰਡਸਟਰੀ ਆਈ, ਨਾ ਕਿਸਾਨਾਂ ਨੂੰ ਲਾਭ ਮਿਲੇ, ਨਾ ਹੀ ਮਹਿਲਾਵਾਂ ਨੂੰ ਇੱਕ-ਇੱਕ ਹਜਾਰ ਰੁਪਆ ਮਿਲਿਆ, ਫਿਰ ਕਿਹੜੇ ਦਾਅਵੇ ਨਾਲ ਰੰਗਲਾ ਪੰਜਾਬ ਬਣਾਉਣ ਦੇ ਮੁੱਖ ਮੰਤਰੀ ਅਤੇ ਕੇਜਰੀਵਾਲ ਦਾਅਵੇ ਕਰ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ ਗੁਰਮੀਤ ਸਿੰਘ ਬਰੜਵਾਲ ਨੇ ਕੀਤਾ। ਉਹਨਾਂ ਕਿਹਾ ਕਿ ਆਪ ਦੀ ਸਰਕਾਰ ਨੇ ਪੰਜਾਬ ਨੂੰ ਬਰਬਾਦ ਕਰਕੇ ਰੱਖ ਦਿੱਤਾ, ਅਮਨ ਕਾਨੂੰਨ ਦੀ ਸਥਿਤੀ ਹੱਥੋਂ ਬਾਹਰ ਹੈ, ਜਿਸ ਪਾਸੇ ਮੁੱਖ ਮੰਤਰੀ ਦਾ ਵੀ ਕੋਈ ਧਿਆਨ ਨਹੀਂ। ਉਨਾਂ ਦੋਸ਼ ਲਾਏ ਪੰਜਾਬ ਦੇ ਸਰਕਾਰੀ ਪੈਸੇ ਦੀ ਆਪ ਦੇ ਪ੍ਰਚਾਰ ਲਈ ਦੁਰਵਰਤੋਂ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਸਭ ਜਾਣ ਚੁੱਕੇ ਹਨ ਕਿ ਬਦਲਾਵ ਦੇ ਨਾਮ ਤੇ ਲੁੱਟ ਕਸੁੱਟ ਹੋਈ ਹੈ ਅਤੇ ਲੋਕਾਂ ਦੀ ਖੱਜਲ ਖੁਆਰੀ ਵਿੱਚ ਵਾਧਾ ਹੋਇਆ ਹੈ ਜਿਸ ਕਰਕੇ ਹੁਣ ਲੋਕ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਵਿਧਾਇਕ ਅਤੇ ਮੰਤਰੀਆਂ ਨੂੰ ਘੇਰ ਘੇਰ ਕੇ ਸਵਾਲ ਕਰਨਗੇ ਕਿ ਦੱਸੋ ਕਿਹੜੇ ਵਾਅਦੇ ਪੂਰੇ ਹੋਏ ਹਨ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਸੂਬੇ ਵਿੱਚ ਚਾਰ ਤੇ ਛੇ ਮਾਰਗੀ ਸੜਕਾਂ, ਨਵੇਂ ਹਵਾਈ ਅੱਡੇ, ਯੂਨੀਵਰਸਿਟੀਆਂ ਸਥਾਪਿਤ ਹੋਈਆਂ, ਜਦੋਂ ਕਿ ਕਾਂਗਰਸ ਤੇ ਆਪ ਸਰਕਾਰ ਨੇ ਇੱਕ ਰੁਪਆ ਵੀ ਸੂਬੇ ਦੇ ਵਿਕਾਸ ਲਈ ਨਹੀਂ ਲਾਇਆ।

ਆਵਾਜ਼ਿ ਕੌਮ AWAZE QAUM International Newspaper & WEB TV

# ਦੁਨੀਆ ਦੀ ਸਭ ਤੋਂ ਉੱਚੀ ਅਤੇ ਏਸ਼ੀਆ ਦੀ ਇਕਲੌਤੀ ਬਰਫ਼ 'ਚ ਦੌੜਨ ਵਾਲੀ ਰੇਸ - ਸਨੋ ਮੈਰਾਥਨ ਲਾਹੌਲ 23 ਮਾਰਚ ਨੂੰ



**ਚੌਕ ਮਹਿਤਾ, 17 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦੁਨੀਆ ਦੀ ਸਭ ਤੋਂ ਉੱਚੀ ਅਤੇ ਏਸ਼ੀਆ ਦੀ ਇਕਲੌਤੀ ਸਨੋ ਮੈਰਾਥਨ ਲਾਹੌਲ ਦਾ ਚੌਥਾ ਐਡੀਸ਼ਨ 23 ਮਾਰਚ, 2025 ਨੂੰ ਹਿਮਾਚਲ ਪ੍ਰਦੇਸ਼ ਦੇ ਲਾਹੌਲ ਜ਼ਿਲ੍ਹੇ ਵਿੱਚ ਅਟਲ ਸੁਰੰਗ ਦੇ ਉੱਤਰੀ ਪੋਰਟਲ 'ਤੇ ਸਥਿਤ ਸਿਸੂ ਵਿਖੇ ਆਯੋਜਿਤ ਕੀਤਾ ਜਾਵੇਗਾ। ਲਗਭਗ 11,000 ਫੁੱਟ ਦੀ ਉਚਾਈ 'ਤੇ ਆਯੋਜਿਤ ਇਹ ਵਿਲੱਖਣ ਲੰਬੀ ਦੂਰੀ ਦੇ ਦੌੜਾਕਾਂ ਅਤੇ ਅਲਟਰਾ-ਰਨਰਾਂ ਨੂੰ ਚੁਣੌਤੀਪੂਰਨ ਰਿਹਾ ਹੈ। ਇਸ ਸਾਲ, ਦੇਸ਼ ਭਰ ਤੋਂ 300 ਤੋਂ ਵੱਧ ਭਾਗੀਦਾਰ ਮੈਰਾਥਨ ਵਿੱਚ ਹਿੱਸਾ ਲੈ ਰਹੇ ਹਨ, ਜੋ ਚਾਰ ਸ਼੍ਰੇਣੀਆਂ - 42 ਕਿਲੋਮੀਟਰ ( ਫੁਲ ਮੈਰਾਥਨ), 21 ਕਿਲੋਮੀਟਰ (ਹਾਫ ਮੈਰਾਥਨ), 10 ਕਿਲੋਮੀਟਰ ਅਤੇ 5 ਕਿਲੋਮੀਟਰ - ਵਿੱਚ ਮੁਕਾਬਲਾ ਕਰਨਗੇ।ਇਹ ਪ੍ਰੋਗਰਾਮ ਚੋਟੀ ਦੇ ਸਹਿਣਸ਼ੀਲਤਾ ਵਾਲੇ ਐਥਲੀਟਾਂ ਅਤੇ ਸਾਹਸ ਪ੍ਰੇਮੀਆਂ ਨੂੰ ਆਕਰਸ਼ਿਤ ਕਰਦਾ ਹੈ ਅਤੇ ਭਾਰਤ ਨੂੰ ਉਚਾਈ ਵਾਲੀ ਸਨੋ ਮੈਰਾਥਨ ਵਿੱਚ ਵਿਸ਼ਵਵਿਆਪੀ ਮਾਨਤਾ ਦਿੰਦਾ ਹੈ। ਸਨੋ ਮੈਰਾਥਨ ਦੇ ਪਿਛਲੇ ਐਡੀਸ਼ਨਾਂ ਵਿੱਚ ਇੰਡਿਅਨ ਆਰਮੀ ਅਤੇ ਇੰਡਿਅਨ ਨੇਵੀ ਦੀ ਵਿਆਪਕ ਭਾਗੀਦਾਰੀ ਦੇਖੀ ਗਈ ਹੈ। ਇਸ ਸਾਲ ਇੰਡਿਅਨ ਏਅਰ ਫੋਰਸ ਦੀ ਸਾਹਸੀ ਟੀਮ ਇਸ ਚੁਣੌਤੀ ਨੂੰ ਸਵੀਕਾਰ ਕਰ ਰਹੀ ਹੈ। ਇੰਡਿਅਨ ਆਰਮੀ ਸਨੋ ਮੈਰਾਥਨ ਵਿੱਚ ਹਿੱਸਾ ਲੈਣ ਲਈ ਲੱਦਾਖ ਸਕਾਊਟਸ, ਡੋਗਰਾ ਅਤੇ ਕੁਮਾਉਂ ਰੈਜੀਮੈਂਟ ਦੇ ਐਥਲੀਟਾਂ ਸਮੇਤ 25 ਚੋਟੀ ਦੇ ਦੌੜਾਕ ਭੇਜ ਰਹੀ ਹੈ। ਇਸ ਤੋਂ ਇਲਾਵਾ, ਆਈਟੀਬੀਪੀ ਅਤੇ ਐਸਐਸਬੀ ਵਰਗੇ ਪੈਰਾ ਮਿਲਿਟਰੀ ਫੋਰਸ ਆਪਣੇ ਦੌੜਾਕਾਂ ਅਤੇ ਬਾਹਰੀ ਐਥਲੀਟਾਂ ਦੇ ਨਾਲ-ਨਾਲ ਹੋਰਾਂ ਨੂੰ ਮੁਕਾਬਲਾ ਦੇਣਗੇ। ਇਸ ਮੈਰਾਥਨ ਨੂੰ ਲਾਹੌਲ ਅਤੇ ਸਪਿਤੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਹਿਮਾਚਲ ਪ੍ਰਦੇਸ਼ ਸੈਰ-ਸਪਾਟਾ ਵਿਭਾਗ ਦਾ ਸਮਰਥਨ ਪ੍ਰਾਪਤ ਹੈ। ਇਸ ਮੈਰਾਥਨ ਨੂੰ ਰੈੱਡ ਬੁੱਲ, ਟਾਈਗਰ ਬਾਮ ( ਪੇਨ ਰਿਲੀਫ ਪਾਰਟਨਰ), ਕੈਂਪਸ ਜੁੱਤੇ, ਬਿਸਲੇਰੀ (ਹਾਈਡਰੇਸ਼ਨ ਪਾਰਟਨਰ ) ਸਾਥੀ, ਬਾਨ, ਫਾਸਟ ਐਂਡ ਅੱਪ ( ਨਿਯੂਟ੍ਰਿਸ਼ਨ ਪਾਰਟਨਰ) ਅਤੇ ਫੋਰਟਿਸ ਹਸਪਤਾਲ ਮੋਹਾਲੀ (ਮੈਡੀਕਲ ਪਾਰਟਨਰ) ਸਮੇਤ ਹੋਰ ਹਿੱਸੇਦਾਰਾਂ ਦਾ ਸਮਰਥਨ ਪ੍ਰਾਪਤ ਹੈ। ਰੈੱਡ ਐਫਐਮ ਮੈਰਾਥਨ ਦਾ ਅਧਿਕਾਰਤ ਰੇਡੀਓ ਪਾਰਟਨਰ ਹੈ। ਆਰਮੀ ਏਵੀਏਟਰ ਅਤੇ ਸਨੋ ਮੈਰਾਥਨ ਦੇ ਈਵੈਂਟ ਚੀਫ਼ ਕਰਨਲ ਅਰੁਣ ਨਟਰਾਜਨ ਨੇ ਚੰਡੀਗੜ੍ਹ ਪ੍ਰੈਸ ਕਲੱਬ ਵਿਖੇ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਇਸ ਈਵੈਂਟ ਦੀ ਪਰਿਆਵਰਣ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲਾਹੌਲ ਦਾ ਵਿੰਟਰ ਵੰਡਰਲੈਂਡ ਦੌੜਾਕਾਂ ਅਤੇ ਸਾਹਸੀ ਪ੍ਰੇਮੀਆਂ ਲਈ ਇੱਕ ਰੋਮਾਂਚਕ ਅਨੁਭਵ ਪ੍ਰਦਾਨ ਕਰਦਾ ਹੈ। ਹਾਲਾਂਕਿ, ਗਲੇਸ਼ੀਅਰਾਂ ਦਾ ਪਿਘਲਣਾ ਅਤੇ ਘੱਟ ਰਹੀ ਬਰਫ਼ਬਾਰੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਮੈਰਾਥਨ ਨਾਜ਼ੁਕ ਪਰਿਆਵਰਣ ਦੀ ਰੱਖਿਆ ਲਈ ਤੁਰੰਤ ਐਕਸ਼ਨ ਦੀ ਜ਼ਰੂਰਤ ਬਾਰੇ ਜਾਗਰੂਕਤਾ ਪੈਦਾ ਕਰੇਗਾ। ਇਸ ਮੌਕੇ 'ਤੇ ਮੌਜੂਦ ਸਨੋ ਮੈਰਾਥਨ ਦੇ ਹਾਈ ਐਲਟੀਟਿਊਡ ਟ੍ਰੇਨਰ ਸਚਿਨ ਸ਼ਰਮਾ ਨੇ ਵੀ ਇਸ ਦੌੜ ਨੂੰ ਦੌੜਾਕਾਂ ਲਈ ਇੱਕ ਵਿਲੱਖਣ ਅਨੁਭਵ ਦੱਸਿਆ। ਉਨ੍ਹਾਂ ਕਿਹਾ ਕਿ ਇਹ ਭਾਰਤ ਦੀ ਇੱਕੋ ਇੱਕ ਦੌੜ ਹੈ ਜੋ ਬਰਫ਼ ਵਿੱਚ ਇੱਕ ਚੁਣੌਤੀਪੂਰਨ ਦੌੜ ਦਾ ਅਹਿਸਾਸ ਪ੍ਰਦਾਨ ਕਰਦੀ ਹੈ ਅਤੇ ਭਾਗੀਦਾਰਾਂ ਨੂੰ ਖੇਤਰ ਦੇ ਖੁਸ਼ਹਾਲ ਸੱਭਿਆਚਾਰ ਅਤੇ ਪਰੰਪਰਾਵਾਂ ਨਾਲ ਜੁੜਨ ਦਾ ਮੌਕਾ ਦਿੰਦੀ ਹੈ। ਇਵੈਂਟ ਦੇ ਸੰਸਥਾਪਕ ਅਤੇ ਹਿਮਾਲੀਅਨ ਕੰਜ਼ਰਵੇਸ਼ਿਨਸਟ ਗੌਰਵ ਸ਼ਿਮਰ ਨੇ ਮੈਰਾਥਨ ਦੇ ਪਰਿਆਵਰਣ ਸੰਦੇਸ਼ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਭਾਵੇਂ ਇਹ ਦੌੜ ਉਤਸ਼ਾਹੀਆਂ ਲਈ ਤਿਆਰ ਕੀਤੀ ਗਈ ਹੈ, ਪਰ ਇਸਦਾ ਮੁੱਖ ਉਦੇਸ਼ ਹਿਮਾਲਿਆ ਅਤੇ ਟ੍ਰਾਂਸ ਹਿਮਾਲਿਆ ਖੇਤਰ ਦੁਆਰਾ ਦਰਪੇਸ਼ ਪਰਿਆਵਰਣ ਚੁਣੌਤੀਆਂ ਨੂੰ ਉਜਾਗਰ ਕਰਨਾ ਹੈ ਕਿਸੇ ਵੀ ਹਾਦਸੇ ਤੋਂ ਬਚਣ ਲਈ ਅਜਿਹੇ ਉੱਚੇ ਅਤੇ ਠੰਡੇ ਸਹਾਰੇ ਵਾਲੇ ਸਥਾਨਾਂ 'ਤੇ ਭਾਗ ਲੈਣ ਵਾਲੇ ਐਥਲੀਟਾਂ ਲਈ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ। ਪ੍ਰਬੰਧਕਾਂ ਨੇ ਭਰੋਸਾ ਦਿੱਤਾ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ, ਫੋਰਟਿਸ ਹਸਪਤਾਲ ਦੀ ਮੈਡੀਕਲ ਟੀਮ ਮੈਰਾਥਨ ਦੌਰਾਨ ਮੌਜੂਦ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

## ਵਿਰਸੇ ਨੂੰ ਭੁਲਣਾ, ਪਰ ਲਕੀਰ ਦੇ ਫਕੀਰ, ਭੇਡ ਚਾਲ ਚਲਣਾ ਸਮੇਂ ਦੀ ਪਹਿਚਾਨ ਨਾ ਕਰਨ ਲੋਕ ਹਿੱਤ ਵਿਚ ਨਹੀਂ—ਪੀ.ਸੀ ਕੁਮਾਰ

ਫ਼ਿਰੋਜ਼ਪੁਰ, 17 ਮਾਰਚ (ਮਨੋਹਰ ਲਾਲ) :—ਅੱਜ ਭਾਰਤ ਦੀ ਆਨ, ਮਾਨ, ਸ਼ਾਨ ਇਸ ਗੱਲ ਵਿਚ ਹੈ ਕਿ ਅਸੀਂ ਸਨਾਤਨੀ ਸੀ, ਹੈ ਅਤੇ ਰਹਾਂਗੇ। ਭਾਵ ਹਰ ਧਰਮ, ਜਾਤ, ਕੌਮ ਇਲਾਕੇ, ਭਾਸ਼ਾ, ਰੀਤੀ—ਰਿਵਾਜ ਆਦਿ ਦੀ ਕਦਰ ਕਰਦੇ ਹਾਂ, ਜਿਹੜੀਆਂ ਵੀ ਕੌਮਾਂ ਬਾਹਰੋਂ ਭਾਰਤ ਵਿਚ ਆਈਆਂ ਭਾਵ ਉਹ ਭੁੱਖੇ ਮਰਦੇ ਆਏ ਲੁਟੇਰੇ ਬਨ ਕਾਫਰ, ਚਾਹੇ ਪਨਾਹ ਮੱਦਦ ਲਈ ਆਏ ਅਸੀਂ ਉਨ੍ਹਾਂ ਦੀ ਮਹਿਮਾਨ ਨਿਵਾਜੀ ਮੱਦਦ ਕੀਤੀ, ਚਾਹੇ ਉਨ੍ਹਾਂ ਇਹ ਸਾਡੇ ਕਮਜ਼ੋਰੀ, ਮਜ਼ਬੂਰੀ, ਸਮਝੀ ਪਰ ਅਸੀਂ ਸਰਬ ਸਾਂਝੀਵਾਲਤਾ, ਇਨਸਾਨੀਅਤ ਦੇ ਤੌਰ ਤੇ ਮਹਿਮਾਨ ਨਿਵਾਜੀ ਕੀਤੀ ਸਾਡੇ ਦੇਸ਼—ਤਿਉਹਾਰਾਂ ਦਾ ਦੇਸ਼ ਹੈ, ਹਰ ਦਿਨ ਭਾਵ 365 ਦਿਨ ਹੀ ਤਿਉਹਾਰ ਕੋਈ ਨਾ ਕੋਈ ਹੁੰਦਾ ਹੈ, ਜਿਹੜਾ ਸਾਡਾ ਬਜ਼ੁਰਗਾਂ ਪੀਰ ਪੈਗੰਬਰਾਂ, ਰਿਸ਼ੀਆਂ, ਗੁਰੂਆਂ, ਦੇਵਤਿਆਂ ਜਾਂ ਫਿਰ ਸਾਡੀ ਸੰਸਕ੍ਰਿਤੀ ਮੌਸਮ ਧਰਮ ਆਦਿ ਨਾਲ ਸਬੰਧ ਰੱਖਦਾ ਹੈ, ਜਿਸ ਪਛੇ ਕੋਈ ਨਾ ਕੋਈ ਰਾਜ ਮੰਨਤਾ ਜਾਂ ਫਿਰ ਮਾਨਸ ਕੀ ਜਾਤ ਏਕੋ ਪਹਿਚਾਨਬੋ ਭਾਵ ਪ੍ਰਭੂ ਦਾ ਦੂਜਾ ਨਾਮ ਪਿਆਰ ਹੈ, ਅੱਜ ਕਈਆਂ ਅਜਿਹੇ ਖੁਦ ਗਰਜ ਪਰਮ ਦੇਸ਼ ਕੌਮਾਂ ਵਿਚ ਫਿਰਕਾ ਪ੍ਰਸਤੀ ਜਾਤੀ ਹਿੱਤਾਂ ਵੋਟਾਂ ਦੀ ਰਾਜਨੀਤੀ ਜਾਂ ਫਿਰ ਇਹ ਪਾੜੋ ਅਤੇ ਰਾਜ ਕਰੋ ਜ਼ੋ ਸਾਡੇ ਸਨਾਤਨ ਧਰਮ ਵਿਚ ਇਸ ਦੀ ਕੋਈ ਥਾਂ ਨਹੀਂ, ਅਸੀਂ ਇਕੋ—ਇਕ ਧਰਮ ਜ਼ੋ ਪ੍ਰੇਮ—ਪ੍ਰੇਮ ਚੰਗੇ ਇਨਸਾਨ ਬਣੋ, ਨਾਮ ਜਪਨ, ਮਨ ਵਸ ਕਰਨ ਸਭ ਗ੍ਰੰਥ ਕਾ ਤੰਤ ਕਾਹੇ ਕੋ ਮੂਰਖਾ ਪੜ੍ਹ—ਪੜ੍ਹ ਕੋਟਣ ਕੋਟ ਗ੍ਰੰਥ ਜ਼ੋ ਅੱਜ ਅਲੋਪ ਹੋ ਫਕੀਰ ਜਾਂ ਲਕੀਰ ਭੇਡ ਚਾਲ ਚਲੀ, ਭੱਲੀ ਕੁਤਾ ਤੇਰਾ ਕੰਨ ਲੈ ਗਿਆ ਸਮਗਲਰ ਹਰ ਇਕ—ਇਕ ਦੂਜੇ ਦੇ ਧਰਮ ਵਿਚ ਦਖਲ ਦੇ ਰੱਸ ਵਿਚ ਕੁਰਮ, ਲਾ ਐਂਡ ਆਰਡਰ ਜਨਤਾ ਤੇ ਸਰਕਾਰਾਂ ਨੂੰ ਵੱਖਤ ਪਾ ਪਟਾਕੇਬਾਜੀਆਂ, ਹੁਲੜਬਾਜੀ, ਅੰਨ ਦੀ ਬਰਬਾਦੀ, ਪਾਣੀ ਦੀ ਬਰਬਾਦੀ, ਸਰੀਰਕ, ਮਾਨਸਿਕ ਬਿਮਾਰੀਆਂ, ਕੁਰੀਤੀਆਂ ਨੂੰ ਜਨਮ ਦੇਣਾ ਗਰੀਬ ਦਾ ਮੂੰਹ ਗੁਰੂ ਦੀ ਗੋਲਖ ਮੁਫਤ—ਮੁਫਤ ਦੇ ਕੇ ਬਾਰ ਜਗਾਰੀ ਨਸ਼ਾ ਖੋਰਾਂ ਨੂੰ ਬੜਾਵਾ ਇਹ ਸਰਕਾਰਾਂ ਤੇ ਧਰਮ, ਸਮਾਜ ਸੇਵੀ ਸੰਸਥਾਵਾਂ ਦੇ ਰਹੀਆਂ ਹਨ, ਸੋਚਨ ਵਿਚਾਰਨ ਤੇ ਸੁਧਾਰਨ ਤੇ ਸੁਧਾਰਨ ਦੀਆਂ ਲੋੜ ਹਨ।



ਆਵਾਜ਼ਿ ਕੌਮ AWAZE QAUM International Newspaper & WEB TV

# 28 ਦੇ ਬਜਟ ਇਜਲਾਸ 'ਚ ਸ਼੍ਰੋਮਣੀ ਕਮੇਟੀ ਮੈਂਬਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਅਤੇ ਪ੍ਰੰਪਰਾਵਾਂ ਨੂੰ ਬਚਾਉਣ ਲਈ ਅੱਗੇ ਆਉਣ : ਪੰਥਕ ਜਥੇਬੰਦੀਆਂ ਫਰਾਂਸ

ਆਵਾਜ਼ਿ ਕੌਮ AWAZE QAUM International Newspaper & WEB TV



ਫਰਾਂਸ ਦੀਆਂ ਪੰਥਕ ਜਥੇਬੰਦੀਆਂ ਇੰਟਰਨੈਸ਼ਨਲ ਸਿੱਖ ਕੌਂਸਲ ਫਰਾਂਸ ਦੇ ਪ੍ਰਧਾਨ ਸ, ਰਘਬੀਰ ਸਿੰਘ ਕੋਹਾੜ, ਸਿੱਖ ਫੈਡਰੇਸ਼ਨ ਫਰਾਂਸ ਦੇ ਪ੍ਰਧਾਨ ਬਾਬਾ ਕਸ਼ਮੀਰ ਸਿੰਘ ਗੋਸਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਜਥੇਦਾਰ ਚੈਨ ਸਿੰਘ ਖਾਲਸਾ ਤੇ ਇੰਟਰਨੈਸ਼ਨਲ ਯੂਰਪੀਅਨ ਸਿੱਖ ਕੌਂਸਲ ਫਰਾਂਸ ਦੇ ਪ੍ਰਧਾਨ ਸ, ਬਸੰਤ ਸਿੰਘ ਪੰਜਹੱਥਾ ਨੇ ਕਿਹਾ ਕਿ ਮੁਗਲਾਂ, ਅੰਗਰੇਜ਼ਾਂ ਦੇ ਰਾਜ ਕਰਨ ਤੋਂ ਬਾਅਦ ਕਾਂਗਰਸ ਦੇ ਮੁੱਖੀ ਗਾਂਧੀ ਪ੍ਰਵਾਰ ਨੇ ਸਿੱਖ ਕੌਮ ਨੂੰ ਖਤਮ ਕਰਨ ਲਈ ਹਰ ਤਰ੍ਹਾਂ ਘੱਲੂਘਾਰੇ ਵਰਤਾਰੇ ਜ਼ਬਰ ਜ਼ੁਲਮ ਕਰਨ ਦੀ ਇੰਤਹਾਂ ਕਰਦੇ ਰਹੇ ਹਨ ਪਰ ਇਨ੍ਹਾਂ ਜਰਵਾਣਿਆਂ ਦੇ ਕੀਤੇ ਗਏ ਜ਼ੁਲਮਾਂ ਸਮੇਂ ਜਿਵੇਂ ਸੁਨਿਆਰੇ ਦੀ ਭੱਠੀ ਵਿੱਚ ਤਪੀ ਕੇ ਸੋਨੇ ਦੇ ਗਹਿਣੇ ਬੰਦੇ ਦੇ ਗਲੇ ਦਾ ਸ਼ਿੰਗਾਰ ਬਣਦੇ ਹਨ ਉਸੇ ਤਰ੍ਹਾਂ ਸਿੱਖ ਗੁਰੂ ਸਾਹਿਬਾਨਾਂ ਦਿੱਤੇ ਸਿੱਖੀ ਸਿਧਾਂਤਾਂ ਪ੍ਰੰਪਰਾਵਾਂ ਤੇ ਮਰਿਯਾਦਾ ਉਪਰ ਪਹਿਰਾ ਦੇਣ ਲਈ ਪ੍ਰਪੱਕਤਾ ਨਾਲ ਹੋ ਕੇ ਪਾਸ ਹੋ ਕੇ ਦੁਨੀਆਂ ਤੇ ਵਿਲੱਖਣ ਇਤਿਹਾਸ ਸਿਰਜਦੇ ਰਹੇ ਹਨ ਪਰ ਬੀਤੇ ਤੀਹ ਪੈਂਤੀ ਸਾਲਾਂ ਤੋਂ ਸਿੱਖੀ ਭੇਸ ਚ ਲੁਕੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੇ ਆਪਣੀ ਸਤਾ ਕਾਇਮ ਰੱਖਣ ਲਈ ਅਤੇ ਆਪਣੇ ਸਿਆਸੀ ਤੇ ਨਿੱਜੀ ਮੁਫਾਦਾਂ ਖਾਤਰ ਸਿੱਖ ਕੌਮ ਦੇ ਸੁਪਰੀਮ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਸਿੱਖੀ ਦੀਆਂ ਮਹਾਨ ਪ੍ਰੰਪਰਾਵਾਂ ਸਿਧਾਂਤਾਂ ਦਾ ਖਿਲਵਾੜ ਕਰਕੇ ਜਿਨ੍ਹਾਂ ਸਿੱਖੀ ਦਾ ਘਾਂਣ ਕੀਤਾ ਹੈ ਸ਼ਾਇਦ ਇਹ ਕੁਝ ਮੁਗ਼ਲ ਅੰਗਰੇਜ਼ ਕਾਂਗਰਸ ਵੀ ਨਹੀਂ ਕਰ ਸਕੇ ਹੋਣ ਬਾਦਲ ਪਰਿਵਾਰ ਨੇ ਤੀਹ ਸਾਲਾਂ ਤੋਂ ਸਿੱਖ ਪੰਥ ਦੇ ਸੁਪਰੀਮ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੋਮਣੀ ਅਕਾਲੀ ਦਲ ਸਮੇਤ ਹੋਰ ਸਿੱਖ ਸੰਸਥਾਵਾਂ ਨੂੰ ਆਪਣੇ ਪਿਉ ਦਾਦਿਆਂ ਦੀ ਨਿੱਜੀ ਜਾਇਦਾਦ ਸਮਝ ਕੇ ਵਰਤਿਆ ਗਿਆ ਹੈ ਸੌਦੇ ਸਾਧ ਦੀ ਮਾਫੀਨਾਮੇ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਿੰਡ ਜਵਾਹਰ ਸਿੰਘ ਵਾਲਾ, ਬਰਗਾੜੀ ਦੀ ਬੇਅਬਦੀ ਅਤੇ ਕੋਟਕਪੂਰਾ ਬਹਿਬਲ ਕਲਾਂ ਖ਼ੂਨੀ ਕਾਂਡ ਕਰਨ ਕਰਕੇ ਸਿੱਖ ਕੌਮ ਦੇ ਨਿਕਾਰੇ ਹੋਏ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਧੜੇ ਵੱਲੋਂ ਦੋ ਦਸੰਬਰ 2024 ਤੋਂ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮਨਾਮਿਆ ਦੀ ਆਪਣੇ ਸਿਆਸੀ ਹਿੱਤਾਂ ਖਾਤਰ ਵਾਰ ਵਾਰ ਉਲੰਘਣਾ ਕਰਕੇ ਸਿੱਖ ਪੰਥ ਦੀਆਂ ਮਹਾਨ ਪ੍ਰੰਪਰਾਵਾਂ ਦਾ ਘਾਂਣ ਕਰਕੇ ਸਿੱਖ ਕੌਮ ਦੇ ਸਿੰਘ ਸਾਹਿਬਾਨ ਗਿਆਨੀ ਰਘਬੀਰ ਸਿੰਘ, ਗਿਆਨੀ ਹਰਪ੍ਰੀਤ ਸਿੰਘ ਤੇ ਗਿਆਨੀ ਸੁਲਤਾਨ ਸਿੰਘ ਨੂੰ ਜਿਸ ਤਰ੍ਹਾਂ ਅਪਮਾਨਤ ਕਰਕੇ ਸੇਵਾ ਮੁਕਤ ਕੀਤਾ ਗਿਆ ਉਸ ਨਾਲ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਦੇ ਮਨਾਂ ਨੂੰ ਲਹੂ ਲੁਹਾਣ ਕਰਕੇ ਜਿਸ ਢੰਗ ਤਰੀਕੇ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਜਥੇਦਾਰ ਬਣਾਉਣ ਲਈ ਸਿੱਖ ਰਹੁ ਰੀਤਾਂ ਨੂੰ ਘਾਂਣ ਕਰਨ ਦਾ ਸਿਖਰ ਸਮਝਿਆ ਗਿਆ ਹੈ ਉਨ੍ਹਾਂ ਕਿਹਾ ਕਿ ਸਿੱਖ਼ੀ ਸਿਧਾਂਤਾਂ ਪ੍ਰੰਪਰਾਵਾਂ ਦੀਆਂ ਧੱਜੀਆਂ ਉਡਾਉਣ ਵਿੱਚ ਅੱਜ ਬਾਦਲ ਜੁੰਡਲੀ ਦੋਸ਼ੀਆਂ ਦੇ ਕਟਹਿਰੇ ਵਿੱਚ ਖੜੀ ਹੈ ਉਕਤ ਜਥੇਬੰਦੀ ਆਗੂਆਂ ਨੇ ਕਿਹਾ ਕਿ ਬਾਦਲ ਪ੍ਰਵਾਰ ਦੇ 1978 ਤੋਂ ਲੈ ਕੇ ਹੁਣ ਤੱਕ ਕੀਤੇ ਸੈਂਕੜੇ ਕਾਲੇ ਕਾਰਨਾਮੇ ਸਿੱਖ ਕੌਮ ਰਹਿਦੀ ਦੁਨੀਆਂ ਤੱਕ ਇਤਿਹਾਸ ਦੇ ਪੰਨੇ 'ਚ ਯਾਦ ਰੱਖਣਗੇ। ਪਿਛਲੇ ਕਾਫ਼ੀ ਸਮੇਂ ਤੋਂ ਸਿੱਖ ਪੰਥ ਵਿਚ ਦੁਬਿਧਾ ਖੜ੍ਹੀ ਕਰਨ ਲਈ ਬਾਦਲ ਪ੍ਰਵਾਰ ਦੀ ਸਰਪ੍ਰਸਤੀ ਹੇਠ ਸਿੱਖ ਪੰਥ ਦੀਆਂ ਸਿਧਾਂਤਕ ਪ੍ਰੰਪਰਾਵਾਂ ਅਤੇ ਖ਼ਾਸ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਮੀਰੀ ਪੀਰੀ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਕੁਚਾਲਾਂ ਚਲੀਆਂ ਜਾ ਰਹੀਆਂ ਹਨ ਸਭ ਤੋਂ ਖ਼ਤਰਨਾਕ ਪਹਿਲੂ ਇਹ ਰਿਹਾ ਹੈ ਕਿ ਇਨ੍ਹਾਂ ਸਾਜ਼ਿਸ਼ਾਂ ਨੂੰ ਲਾਗੂ ਕਰਨ ਲਈ ਬਾਦਲ ਜੁੰਡਲੀ ਵੱਲੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੀ ਅਕਾਲ ਤਖ਼ਤ ਸਮੇਤ ਦੂਸਰੇ ਤਖ਼ਤਾਂ ਦੇ ਜਥੇਦਾਰਾਂ ਨੂੰ ਬੇਖ਼ੌਫ਼ ਹੋ ਕੇ ਵਰਤਣਾ ਸ਼ੁਰੂ ਕਰ ਦਿੱਤਾ ਹੈ ਜਦੋ ਗੁਰੂ ਪਿਆਰ ਵਿਚ ਭਿੱਜੇ ਸਿੰਘ ਸਾਹਿਬਾਨ ਗਿਆਨੀ ਰਘਬੀਰ ਸਿੰਘ ਗਿਆਨੀ ਹਰਪ੍ਰੀਤ ਸਿੰਘ ਤੇ ਗਿਆਨੀ ਸੁਲਤਾਨ ਸਿੰਘ ਜੀ ਨੇ ਪੰਥਕ ਸਿਧਾਂਤਾਂ ਪ੍ਰੰਪਰਾਵਾਂ ਮਰਯਾਦਾ ਦੀ ਪਹਿਰੇਦਾਰੀ ਕਰਨ ਵਾਲੇ ਕੁੱਝ ਜਾਗਦੇ ਸਿਰਾਂ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਦੁਰਵਰਤੋਂ ਕਰਨ ਦਾ ਗੰਭੀਰ ਨੋਟਿਸ ਲਿਆ ਤਾਂ ਬਾਦਲ ਜੁੰਡਲੀ ਨੇ ਸਿੰਘ ਸਾਹਿਬਾਨਾਂ ਨੂ ਵੰਗਾਰਨ ਦਾ ਕਰ ਦਿੱਤਾ ਗਿਆ ਪੰਥਕ ਜਥੇਬੰਦੀਆ ਨੇ ਕਿਹਾ ਕਿ ਸਿੱਖ ਕੌਮ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੇ ਮੈਂਬਰਾਂ ਨੂੰ ਸਿੱਖੀ ਨਿਰਾਲੀ ਤੇ ਨਿਆਰੀ ਹਸਤੀ ਦੀ ਵਫ਼ਾਦਾਰੀ ਨਾਲ ਪਹਿਰੇਦਾਰੀ ਕਰਨ ਲਈ ਸਿੱ ਨੇ ਚੁਣ ਕੇ ਭੇਜਿਆ ਹੈ ਨਾਂ ਕੇ ਸਿੱਖੀ ਭੇਸ ਵਿਚ ਛੁਪੇ ਰਾਜਸੀ ਮਨੋਰਥਾ ਦੀ ਪੂਰਤੀ ਵਾਸਤੇ ਬਾਦਲ ਲਾਣੇ ਦੀ ਵਫ਼ਾਦਾਰੀ ਕਰਨ ਲਈ ਚੁਣਿਆ ਹੈ। ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਨੂੰ ਅਪੀਲ ਹੈ ਕਿ 28 ਮਾਰਚ ਨੂੰ ਆ ਰਹੇ ਬਜਟ ਇਜਲਾਸ ਮੌਕੇ ਸਿੱਖੀ ਸਿਧਾਂਤਾ ਪ੍ਰੰਪਰਾਵਾਂ ਦਾ ਘਾਣ ਕਰਨ ਵਾਲੇ ਬਾਦਲਕਿਆਂ ਦੇ ਕਿਸੇ ਵੀ ਬਹਿਕਾਵੇ ਵਿਚ ਆ ਕੇ ਪੰਥਕ ਸਿਧਾਂਤਾਂ ਅਤੇ ਪ੍ਰੰਪਰਾਂਵਾਂ ਦੇ ਚਿੱਟੇ ਦਿਨ ਕੀਤੇ ਜਾ ਰਹੇ ਕਤਲ ਤੇ ਮੂਕ ਦਰਸ਼ਕ ਬਣਨ ਦੀ ਥਾਂ ਗੁਰੂ ਸਾਹਿਬਾਨਾਂ ਦੇ ਦਿੱਤੇ ਸਿਧਾਂਤ ਦੀ ਰੌਸ਼ਨੀ ਵਿਚ ਬਾਦਲ ਦੇ ਚੈਲੰਜ ਨੂੰ ਖਿੜੇ ਮੱਥੇ ਪ੍ਰਵਾਨ ਕਰ ਕੇ 'ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਖੜ੍ਹਨ ਲਈ ਕਮਰਕੱਸੇ ਕਰਕੇ 28 ਮਾਰਚ ਦੇ ਇਜਲਾਸ ਵਿਚ ਆ ਕੇ ਸੰਤ ਸਿਪਾਹੀ ਦੇ ਸਿਧਾਂਤ ਦੇ ਪੈਰੋਕਾਰ ਬਣਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਰੇਦਾਰੀ ਕਰਨ ਦੀ ਲੋੜ ਹੈ।

### ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਗੁਰਦੁਆਰਾ ਮੰਗੂ ਮੱਠ ਨਾਲ ਸਬੰਧਤ ਮਾਮਲੇ ਬਾਰੇ

# ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨਾਲ ਕੀਤੀ ਮੁਲਾਕਾਤ

☛ ਪੁਰੀ ਦੇ ਜਿਲ੍ਹਾ ਮੈਜਿਸਟ੍ਰੇਟ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੁਆਰਾ ਬਣਾਈ ਕਮੇਟੀ ਨਾਲ ਰਾਬਤਾ ਕਰਨ ਦੇ ਨਿਰਦੇਸ਼ ਦੇਣ ਲਈ ਕਿਹਾ ☛ ਭਾਈ ਰਾਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਭਿੱਟੇਵਡ ਤੇ ਗੁਰਿੰਦਰ ਸਿੰਘ ਮਥਰੇਵਾਲ ਇਕਬਾਲ ਸਿੰਘ ਲਾਲਪੁਰਾ ਨੂੰ ਮਿਲੇ

**ਨਵੀਂ ਦਿੱਲੀ**, 17 **ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਵਫਦ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਨਾਲ ਮੁਲਾਕਾਤ ਕਰਕੇ ਪੁਰੀ ਦੇ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਗੁਰਦੁਆਰਾ ਮੰਗੂ ਮੱਠ ਨਾਲ ਸਬੰਧਤ ਮਾਮਲੇ ਵਿੱਚ 18 ਮਾਰਚ 2025 ਨੂੰ ਰੱਖੀ ਮੀਟਿੰਗ ਵਿੱਚ ਤਿੰਨ ਵਿਅਕਤੀਆਂ ਨੂੰ ਸੱਦੇ ਜਾਣ 'ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਦੀ ਅਗਵਾਈ ਵਿੱਚ ਪੁੱਜੇ ਇਸ ਵਫਦ ਵਿੱਚ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਭਿੱਟੇਵਡ ਤੇ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ ਸ਼ਾਮਲ ਸਨ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਘਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੌਂਪੇ ਪੱਤਰ ਵਿੱਚ ਕਿਹਾ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਅਸਥਾਨ ਗੁਰਦੁਆਰਾ ਬਾਉਲੀ ਮੱਠ, ਗੁਰਦੁਆਰਾ ਮੰਗੂ ਮੱਠ ਅਤੇ ਗੁਰਦੁਆਰਾ ਪੰਜਾਬੀ ਮੱਠ ਦੀ ਸੇਵਾ ਸੰਭਾਲ ਸਬੰਧੀ ਸਿੱਖ ਸੰਸਥਾ ਲੰਮੇ ਸਮੇਂ ਤੋਂ ਮੰਗ ਕਰ ਰਹੀ ਹੈ। ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ 'ਤੇ ਬਣਾਈ ਗਈ ਕਮੇਟੀ ਪਹਿਲਾਂ ਹੀ ਸਾਰੇ ਮਾਮਲਿਆਂ ਬਾਰੇ ਸਥਾਨਕ ਪ੍ਰਸ਼ਾਸਨ ਨਾਲ ਵਿਚਾਰ-ਵਟਾਂਦਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਪੁਰੀ ਦੇ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਗੁਰਦੁਆਰਾ ਮੰਗੂ ਮੱਠ ਨਾਲ ਸਬੰਧਤ ਮਾਮਲੇ ਵਿੱਚ 18 ਮਾਰਚ ਨੂੰ ਰੱਖੀ ਮੀਟਿੰਗ ਵਿੱਚ ਤਿੰਨ ਵਿਅਕਤੀਆਂ ਨੂੰ ਸੱਦਿਆ ਗਿਆ ਹੈ ਜੋ ਠੀਕ ਨਹੀਂ ਉਨ੍ਹਾਂ ਕਿਹਾ ਕਿ ਇਨ੍ਹਾਂ ਤਿੰਨਾਂ ਵਿਅਕਤੀਆਂ ਵਿੱਚ ਪੁਰੀ ਦੇ ਸ. ਜਗਦੀਪ ਸਿੰਘ ਨੂੰ ਵੀ ਸੱਦਾ ਦਿੱਤਾ ਹੈ, ਜੋ ਇੱਕ ਨਿੱਜੀ ਗੁਰਦੁਆਰਾ ਚਲਾਉਂਦੇ ਹਨ, ਜਿਸ ਦਾ ਨਾਮ ਗੁਰਦੁਆਰਾ ਆਰਤੀ ਸਾਹਿਬ ਹੈ ਇਹ ਆਪਣੇ ਨਿੱਜੀ ਹਿੱਤਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੁਆਰਾ ਬਣਾਈ ਗਈ ਕਮੇਟੀ ਨੂੰ ਸਾਬੋਤਾਜ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਉਨ੍ਹਾਂ ਕਿਹਾ ਕਿ ਸ. ਜਗਦੀਪ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੁਆਰਾ ਬਣਾਈ ਗਈ ਕਮੇਟੀ ਦੇ ਮੈਂਬਰ ਵੀ ਹਨ ਉਨ੍ਹਾਂ ਦੂਜੇ ਦੋ ਮੈਬਰਾਂ ਬਾਰੇ ਕਿਹਾ ਕਿ ਪੁਰੀ ਵਿੱਖੇ ਚੱਲ ਰਹੇ ਸਿੱਖ ਮੁੱਦਿਆਂ ਨੂੰ ਹੱਲ ਕਰਨ ਵਿੱਚ ਸ. ਅਜਮੇਰ ਸਿੰਘ ਰੰਧਾਵਾ ਅਤੇ ਸ੍ਰੀ ਵਿੱਕੀ ਥਾਮਸ ਦੀ ਭੂਮਿਕਾ ਵੀ ਬਹੁਤ ਸ਼ੱਕੀ ਹੈ ਉਕਤ ਵਫਦ ਨੇ ਮੰਗ ਕੀਤੀ ਕਿ ਉੜੀਸ਼ਾ ਵਿੱਚ ਪੁਰੀ ਦੇ ਡੀ.ਐਮ ਅਤੇ ਕੁਲੈਕਟਰ ਨੂੰ ਗੁਰਦੁਆਰਾ ਬਾਉਲੀ ਮੱਠ, ਗੁਰਦੁਆਰਾ ਮੰਗੂ ਮੱਠ ਅਤੇ ਗੁਰਦੁਆਰਾ ਪੰਜਾਬੀ ਮੱਠ ਦੇ ਮਾਮਲਿਆਂ ਬਾਰੇ ਕੋਈ ਵੀ ਚਰਚਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੁਆਰਾ ਬਣਾਈ ਗਈ ਕਮੇਟੀ ਨਾਲ ਰਾਬਤਾ ਕਰਨ ਦੇ ਨਿਰਦੇਸ਼ ਦਿੱਤੇ ਜਾਣ, ਤਾਂ ਜੋ ਇਸ ਮਹੱਤਵਪੂਰਨ ਮੁੱਦੇ ਵਿੱਚ ਹੋਰ ਉਲਝਣ ਨਾ ਆਵੇ।




ਆਵਾਜ਼ਿ ਕੌਮ AWAZE QAUM International Newspaper & WEB TV

## ਖਾਲਸਾ ਕਾਲਜ ਲਾਅ ਦੀ ਸਿਮਰਪ੍ਰੀਤ ਕੌਰ ਹੇਰ 'ਬ੍ਰੀਲੀਐਂਟ ਪ੍ਰਫੋਰਮੈਂਸ' ਐਵਾਰਡ ਨਾਲ ਸਨਮਾਨਿਤ



**ਅੰਮ੍ਰਿਤਸਰ, 16 ਮਾਰਚ (ਆਵਾਜ਼ਿ ਕੌਮ ਬਿਊਰੋ)**-ਖਾਲਸਾ ਕਾਲਜ ਆਫ਼ ਲਾਅ ਦੇ ਬੀ. ਕਾਮ. ਐਲ. ਐਲ. ਬੀ. ਸਮੈਸਟਰ ਚੌਥੇ ਅਤੇ 6ਵੇਂ ਦੇ ਕਰੀਬ 15 ਵਿਦਿਆਰਥੀਆਂ ਨੇ ਇੰਡੀਅਨ ਅਕਾਊਂਟਿੰਗ ਐਸੋਸੀਏਸ਼ਨ, ਉਦੈਪੁਰ ਵੱਲੋਂ ਆਯੋਜਿਤ ਰਾਸ਼ਟਰੀ ਅਕਾਊਂਟਿੰਗ ਪ੍ਰਤਿਭਾ ਖੋਜ 2024-25 ਮੁਕਾਬਲੇ 'ਚ ਭਾਗ ਲੈਂਦਿਆਂ ਸ਼ਾਨਦਾਰ ਪ੍ਰਦਰਸ਼ਨ ਨਾਲ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਜੁਆਇੰਟ ਸਕੱਤਰ ਸ: ਅਜ਼ਮੇਰ ਸਿੰਘ ਹੇਰ ਨੇ ਜੇਤੂ ਵਿਦਿਆਰਥੀਆਂ ਦੀ ਇਸ ਅਕਾਦਮਿਕ ਪ੍ਰਾਪਤੀ 'ਤੇ ਸ਼ਲਾਘਾ ਕਰਦਿਆਂ ਭਵਿੱਖ 'ਚ ਇਸੇ ਤਰ੍ਹਾਂ ਪ੍ਰਾਪਤੀਆਂ ਹਾਸਲ ਕਰਨ ਲਈ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਕਿਸੇ ਵੀ ਕਾਰਜ ਦੀ ਸਫਲਤਾ ਲਈ ਮਿਹਨਤ ਕਰਨਾ ਬਹੁਤ ਹੀ ਜ਼ਰੂਰੀ ਹੈ। ਜੇਕਰ ਮਨ ਅਤੇ ਲਗਨ ਨਾਲ ਕਿਸੇ ਕਾਰਜ ਨੂੰ ਕੀਤਾ ਜਾਵੇ ਤਾਂ ਉਹ ਨੇਪਰੇ ਜਰੂਰ ਚੜ੍ਹਦਾ ਹੈ। ਇਸ ਮੌਕੇ ਸ: ਹੇਰ ਹੋਰਨਾਂ ਨੂੰ ਵਿਦਿਆਰਥੀਆਂ ਨੂੰ ਵੀ ਪੜ੍ਹਾਈ ਤੋਂ ਇਲਾਵਾ ਹੋਰਨਾਂ ਸਰਗਰਮੀਆਂ 'ਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ। ਇਸ ਤੋਂ ਪਹਿਲਾਂ ਕਾਲਜ ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਨਲਾਈਨ ਮੋਡ ਰਾਹੀਂ ਰਾਸ਼ਟਰੀ ਪੱਧਰ 'ਤੇ ਉਕਤ ਮੁਕਾਬਲਾ ਕਰਵਾਇਆ ਗਿਆ ਜਿਸ ਕਾਲਜ ਦੀ ਬੀ. ਕਾਮ. ਐਲ. ਐਲ. ਬੀ. ਸਮੈਸਟਰ ਚੌਥੇ ਦੀ ਵਿਦਿਆਰਥਣ ਸਿਮਰਪ੍ਰੀਤ ਕੌਰ ਹੇਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ 'ਬ੍ਰੀਲੀਐਂਟ ਪ੍ਰਫੋਰਮੈਂਸ ਐਵਾਰਡ' ਪ੍ਰਾਪਤ ਕੀਤਾ ਜੋ ਕਿ ਦੇਸ਼ ਦੇ 'ਆਲ ਟਾਪ ਟੈਨ ਪ੍ਰਸੈਂਟ ਪ੍ਰਫੋਰਮੈਂਸ ' ਨੂੰ ਪ੍ਰਦਾਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾਕਿ ਇਸ ਤੋਂ ਇਲਾਵਾ ਬੀ. ਕਾਮ. ਐਲ. ਐਲ. ਬੀ. ਸਮੈਸਟਰ ਚੌਥੇ ਦੀਆਂ 3 ਵਿਦਿਆਰਥਣਾਂ ਹਿਮਾਂਸ਼ੀ ਅਰੋੜਾ (80-90%), ਦਿਯਾ ਭੱਲਾ (70-80%), ਚਹਿਕ ਅਗਰਵਾਲ (60-70%) ਅਤੇ ਬੀ. ਕਾਮ. ਐਲ. ਐਲ. ਬੀ. ਸਮੈਸਟਰ 6ਵੇਂ ਦੇ ਵਿਦਿਆਰਥੀ ਵਿਕਰਾਂਤਜੀਤ ਸਿੰਘ (70-80%) ਨੇ ਇਸ ਕੰਪੀਟੀਸ਼ਨ 'ਚ ਵਧੀਆ ਪ੍ਰਦਰਸ਼ਨ ਕਰਕੇ ਕਾਲਜ ਦਾ ਮਾਣ ਵਧਾਇਆ ਹੈ।

ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਤੇ 20 ਅਪ੍ਰੈਲ 2025 ਨੂੰ

# ਸਾਲਜਬਰਗ ਅਸਟਰੀਆ ਯੂਰਪ ਵਿਖੇ ਮਹਾਨ ਨਗਰ ਕੀਰਤਨ ਮਨਾਇਆ ਜਾਵੇਗਾ

## ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਆਪ ਸਭ ਸੰਗਤਾਂ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ










ਅਸਟਰੀਆ ਯੂਰਪ (ਮਨਪ੍ਰੀਤ ਸਿੰਘ) ਗੁਰਦੁਆਰਾ ਵਿਆਨਾ ਅਸਟਰੀਆ ਯੂਰਪ ਵਿਖੇ ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਨੇ ਬੋਲਦਿਆਂ ਦੱਸਿਆ ਕਿ 20 ਅਪ੍ਰੈਲ 2025 ਨੂੰ ਗੁਰਦੁਆਰਾ ਸਾਲਜਬਰਗ ਅਸਟਰੀਆ ਵਿਖੇ ਮਹਾਨ ਨਗਰ ਕੀਰਤਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਕੱਢਿਆ ਜਾ ਰਿਹਾ ਹੈ।ਇਕਾਈ ਅਸਟਰੀਆ ਵੱਲੋਂ ਸਮੂਹ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਨੂੰ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਸੰਗਤਾਂ ਪਰਿਵਾਰਾਂ ਸਮੇਤ ਬੱਸਾਂ ਕਾਰਾਂ ਲੈ ਕੇ ਵੱਡੀ ਗਿਣਤੀ ਵਿੱਚ ਅਸਟਰੀਆ ਯੂਰਪ ਦੀ ਧਰਤੀ ਤੇ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਨਗਰ ਕੀਰਤਨ ਦੌਰਾਨ ਗਤਕੇ ਦੀਆਂ ਟੀਮਾਂ ਆਪਣੇ ਜੋਹਰ ਦਿਖਾਉਣਗੀਆਂ। ਇਸੇ ਤਰ੍ਹਾਂ ਰਾਗੀ , ਢਾਡੀ ਅਤੇ ਕੀਰਤਨੀ ਜਥੇ ਗੁਰਬਾਣੀ ਦੀ ਵਰਖਾ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਤੇ ਹਜ਼ੂਰੀ ਰਾਗੀ ਭਾਈ ਸੰਦੀਪ ਸਿੰਘ ਜੀ ਹਾਜਰ ਸਨ ਵਿੱਖ-ਵੱਖ ਸੇਵਾਦਾਰਾਂ ਵੱਲੋਂ ਵੰਨ ਸਵੰਨੇ ਪਕਵਾਨ ਲੰਗਰ ਅਤੁੱਟ ਵਰਤਣਗੇ। ਇਸ ਮੌਕੇ ਰਬਿੰਦਰ ਸਿੰਘ, ਹਰਮੇਲ ਸਿੰਘ ਮੀਤ ਪ੍ਰਧਾਨ, ਬਲਬੀਰ ਸਿੰਘ, ਗੁਰਿੰਦਰ ਸਿੰਘ ,ਸਿੰਦਰਪਾਲ ਸਿੰਘ, ਕਰਨੈਲ ਸਿੰਘ ਗਗਨਦੀਪ ਸਿੰਘ ,ਸੁਖਦੀਪ ਸਿੰਘ ਪ੍ਰਧਾਨ ਵਿਆਨਾ, ਜਗਤਾਰ ਸਿੰਘ ਚੀਫ ਆਰਗੇਨਾਈਜਰ ipd, ਹੈਡ ਗ੍ਰੰਥੀ ਪਰਮਜੀਤ ਸਿੰਘ,ਹਰਮਨ ਸਿੰਘ ਅਤੇ ਹੋਰ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਵਿਆਨਾ ਵੱਡੀ ਗਿਣਤੀ ਵਿੱਚ ਹਾਜ਼ਰ ਹੋਈਆਂ।ਸਮੂਹ ਪ੍ਰਬੰਧਕ ਕਮੇਟੀ ਵੱਲੋਂ ਕਲੈਗਨਫਰੋਟ, ਗਰਾਸ,12 ਵੀਨ 23 ਗੁਰਦੁਆਰਾ ਲਿਨਸ , ਇੰਨਸਬਰੁੱਕ ਜਰਮਨੀ, ਉਲੱਮ ਜਰਮਨੀ, ਆਉਸਬਰਗ ਜਰਮਨੀ ਦੀਆਂ ਸੰਗਤਾਂ ਨੂੰ ਪਰਜੋਰ ਅਪੀਲ ਹੈ ਕਿ ਪਰਿਵਾਰਾਂ ਸਮੇਤ ਹੁਮ ਹੁਮਾ ਕੇ ਪਹੁੰਚੋ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243